T-13

ਜੈ ਗੁਰੂਦੇਵ! ਧੰਨ ਗੁਰੂਦੇਵ!!

## ਚੌਦਹ ਸੌ ਤੈਤੀਸ ਕੋ ਮਾਘ ਸੁਦੀ ਪੰਦ੍ਰਾਸ॥
## ਦੁਖੀਓਂ ਕੇ ਕਲਿਆਨ ਹਿਤ ਪ੍ਰਗਟੇ ਸ੍ਰੀ ਰਵਿਦਾਸ॥

—ਸੰਤ ਕਰਮਦਾਸ ਜੀ



ਰਾਗੁ ਗਉੜੀ ਰਵਿਦਾਸ ਜੀ ਕੇ ਪਦੇ
ਗਉੜੀ ਗੁਆਰੇਰੀ

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥
ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ॥
ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ॥ ੧॥
ਰਾਮ ਗੁਸਈਆ ਜੀਅ ਕੇ ਜੀਵਨਾ॥
ਮੋਹਿ ਨ ਬਿਸਾਰਹੁ ਮੈ ਜਨੁ ਤੇਰਾ॥ ੧॥ਰਹਾਉ॥
ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ॥
ਚਰਣ ਨ ਛਾਡਉ ਸਰੀਰ ਕਲ ਜਾਈ॥ ੨॥
ਕਹੁ ਰਵਿਦਾਸ ਪਰਉ ਤੇਰੀ ਸਾਭਾ॥
ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ॥ ੩॥ ੧॥
(ਪੰਨਾ ੩੪੫)

ਸ੍ਰੀ ਗੁਰੂ ਰਵਿਦਾਸ ਜੀ ਇਸ ਸ਼ਬਦ ਵਿਚ ਫ਼ੁਰਮਾਉਂਦੇ ਹਨ ਕਿ ਹੇ ਮੇਰੇ ਮਾਲਕ ਮੇਰੀ ਸੰਗਤ ਭੈੜੀ ਹੈ, ਮੇਰੇ ਕਰਮ ਖੋਟੇ ਹਨ, ਮੇਰਾ ਜਨਮ ਨੀਚ ਅਖਵਾਉਣ ਵਾਲੀ ਜਾਤੀ ਵਿਚ ਹੋਇਆ ਹੈ। ਹੇ ਅਕਾਲ ਪੁਰਖ! ਸਾਰੇ ਜੀਵਾਂ ਨੂੰ ਜੀਵਨ ਦੇਣ ਵਾਲੇ, ਮੈਂ ਤੁਹਾਡਾ ਦਾਸ ਹਾਂ, ਮੈਨੂੰ ਭੁਲਾਓ ਨਾ। ਮੇਰੀ ਚਿੰਤਾ ਰੂਪੀ ਬਿਪਤਾ ਦੂਰ ਕਰੋ ਤੇ ਆਪਣਾ ਸੇਵਕ ਬਣਾ ਲਓ।?ਮੇਰੀ ਸਰੀਰ ਚਲਾ ਜਾਵੇ ਪਰ ਮੈਂ ਤੁਹਾਡੇ ਚਰਨਾਂ ਨੂੰ ਕਦੇ ਨਾ ਛੱਡਾਂ। ਮੈਂ ਤੁਹਾਡੀ ਸ਼ਰਨ ਵਿਚ ਹਾਂ, ਤੁਸੀਂ ਮੈਨੂੰ ਛੇਤੀ ਮਿਲੋ; ਮਿਲਣ ਵਿਚ ਕੋਈ ਦੇਰ ਨਾ ਕਰੋ। —ਬੱਧਣ

ਟ੍ਰੈਕਟ ਨੰ: 13

# ਮੈ ਜਨੁ ਤੇਰਾ


ਪਹਿਲੀ ਵਾਰ—5000
ਫਰਵਰੀ—2005

ਪ੍ਰਕਾਸ਼ਕ :

**ਸ੍ਰੀ ਗੁਰੂ ਰਵਿਦਾਸ ਮਿਸ਼ਨ ਪਰਚਾਰ ਸੰਸਥਾ (ਪੰਜਾਬ)**

*ਹੈੱਡ-ਆਫਿਸ :* ਐਨ. ਬੀ. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ-4
*ਸਬ-ਆਫਿਸ :* ਪਿੰਡ ਤੇ ਡਾਕਖਾਨਾ ਬਿਨਪਾਲਕੇ ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ-144 201

ਕੀਮਤ—ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ

## ਅਮਰ ਯਾਦਗਾਰ

# ਬੇਗਮਪੁਰਾ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ (ਮੰਦਿਰ) ਕਾਂਸ਼ੀ

ਸਿਆਣੇ ਕਹਿੰਦੇ ਹਨ ਕਿ ਜਦੋਂ ਪਾਪਾਂ ਦਾ ਘੜਾ ਭਰ ਕੇ ਫੱਟਦਾ ਹੈ ਤਾਂ ਉਹ ਜਵਾਲਾਮੁਖੀ ਨਾਲੋਂ ਵੀ ਵੱਧ ਵਿਨਾਸ਼ਕਾਰੀ ਹੁੰਦਾ ਹੈ। ਜਦੋਂ ਭਾਰਤ ਅੰਦਰ ਬ੍ਰਾਹਮਣਵਾਦੀ ਜ਼ੁਲਮਾਂ ਦਾ ਘੜਾ ਭਰ ਗਿਆ ਤਾਂ ਫਿਰ ਧਰਤੀ ਮਾਂ ਨੇ ਪਾਰਬ੍ਰਹਮ ਪ੍ਰਮਾਤਮਾ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਮੈਂ ਇਨ੍ਹਾਂ ਪਾਪੀਆਂ ਦਾ ਭਾਰ ਹੋਰ ਨਹੀਂ ਸਹਾਰ ਸਕਦੀ। ਧਰਤੀ ਮਾਂ ਦੀ ਪੁਕਾਰ ਸੁਣ ਕੇ ਅਜਿਹੇ ਗੈਰ ਮਨੁੱਖੀ ਧਰਮ ਦੀਆਂ ਜੜ੍ਹਾਂ ਪੁੱਟਣ ਲਈ ਪਾਰਬ੍ਰਹਮ ਪ੍ਰਮਾਤਮਾ ਨੇ ਗੁਰੂ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਇਕ ਨਵੇਂ ਵਿਸ਼ਵ ਧਰਮ ਦੀ ਵਿਗਿਆਨਕ ਵਿਚਾਰਧਾਰਾ—

**ਬੇਗਮਪੁਰਾ ਸਹਰ ਕੋ ਨਾਉ ॥** *(ਗੁਰੂ ਗ੍ਰੰਥ ਸਾਹਿਬ, ਪੰਨਾ ੯੩)*

ਵਾਲੀ ਸਮੁੱਚੀ ਮਾਨਵਤਾ ਦੇ ਭਲੇ ਦੀ ਨਵੀਂ ਨਰੋਈ ਅਤੇ ਵਿਸ਼ਵ ਸ਼ਾਂਤੀ ਭਰਪੂਰ ਵਿਚਾਰਧਾਰਾ ਦੇ ਕੇ 1433 ਬਿਕ੍ਰਮੀ ਨੂੰ ਬਨਾਰਸ ਦੀ ਭਾਗਾਂ ਭਰੀ ਧਰਤੀ ਸੀਰ ਗੋਵਰਧਨਪੁਰ ਵਿਖੇ ਭੇਜਿਆ।

ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਸਾਨੂੰ ਪਤਾ ਚੱਲਦਾ ਹੈ ਕਿ ਇਕੱਲੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਗੁਰੂ ਹੋਏ ਹਨ, ਜਿਨ੍ਹਾਂ ਨੂੰ ਸਾਡੀ ਰੱਖਿਆ ਖ਼ਾਤਰ ਅਨੇਕਾਂ ਤਕਲੀਫ਼ਾਂ ਝੱਲਣੀਆਂ ਪਈਆਂ ਅਤੇ ਸਮਾਜ ਵਿਚ ਪਾਈਆਂ ਮਨੂੰ ਦੀਆਂ ਵੰਡੀਆਂ ਵਿਰੁੱਧ ਜ਼ਬਰਦਸਤ ਆਵਾਜ਼ ਉਠਾਈ ਤੇ ਮਨੂੰਵਾਦੀ ਸੋਚ ਨਾਲ ਲੜੇ।

ਅੱਜ ਅਸੀਂ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਕੀਤੀ ਮਹਾਨ ਕੁਰਬਾਨੀ ਦੇ ਸਦਕਾ ਹੀ ਸਿਰ ਉੱਚਾ ਚੁੱਕ ਕੇ ਚੱਲ ਰਹੇ ਹਾਂ।

ਬੇਸ਼ੱਕ ਭਾਵੇਂ ਅੱਜ ਗੁਰੂ ਰਵਿਦਾਸ ਜੀ ਸਰੀਰਕ ਤੌਰ ਤੇ ਸਾਡੇ ਪਾਸ ਮੌਜੂਦ ਨਹੀਂ ਹਨ ਪਰ ਉਨ੍ਹਾਂ ਦੀ ਬਾਣੀ ਸਾਡੇ ਪਾਸ ਮੌਜੂਦ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸੁਸ਼ੋਭਿਤ ਹੈ। ਇਹ ਸਤਿਗੁਰੂ ਸਾਹਿਬ ਜੀ ਦੀ ਪਹਿਲੀ ਅਮਰ ਯਾਦਗਾਰ ਹੈ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੇ ਸਿੱਖ ਸੇਵਕਾਂ ਨੂੰ ਬਣਾਉਣ ਦਾ ਹੁਕਮ ਕੀਤਾ ਸੀ। ਗੁਰੂ ਨਾਨਕ ਸਰੂਪ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਤਿਕਾਰ ਸਹਿਤ ਸਮੂਹ ਮਹਾਂਪੁਰਸ਼ਾਂ ਦੀ ਬਾਣੀ ਦੀ ਤਰ੍ਹਾਂ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਵੀ ਬਰਾਬਰਤਾ ਦਾ ਦਰਜਾ ਦਿੱਤਾ ਤੇ ਮਹਾਰਾਜ ਜੀ ਨੇ ਆਪ ਫ਼ਰਮਾਇਆ :

**ਰਵਿਦਾਸ ਧਿਆਏ ਪ੍ਰਭੁ ਅਨੂਪ ॥**
**ਗੁਰ ਨਾਨਕ ਦੇਵ ਗੋਬਿੰਦ ਰੂਪ ॥**

ਦੂਸਰੀ ਸ੍ਰੀ ਗੁਰੂ ਰਵਿਦਾਸ ਜੀ ਦੀ ਅਮਰ ਯਾਦਗਾਰ ਸਾਡੇ ਪਾਸ ਬੇਗਮਪੁਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਸੀਰ ਗੋਵਰਧਨਪੁਰ ਮੰਦਰ ਕਾਂਸ਼ੀ ਹੈ। ਇਸ ਮਹਾਨ ਅਮਰ ਯਾਦਗਾਰ ਦੇ ਦੀਦਾਰ ਦਰਸ਼ਨ ਆਪਾਂ ਨੂੰ 600 ਸਾਲ ਬਾਅਦ ਪੰਜਾਬ ਦੇ ਪ੍ਰਸਿੱਧ ਸੰਤ ਡੇਰਾ ਸੱਚਖੰਡ ਬੱਲਾਂ ਦੇ ਬਾਨੀ ਬ੍ਰਹਮਗਿਆਨੀ ਸੰਤ ਸਰਵਣ ਦਾਸ ਜੀ ਮਹਾਰਾਜ ਦੀ ਆਤਮ ਦ੍ਰਿਸ਼ਟੀ ਦੇ ਸਦਕਾ ਹੀ ਹੋਏ ਹਨ। ਸਮੁੱਚੀ ਦਲਿਤ ਕੌਮ ਡੇਰਾ ਸੱਚ ਖੰਡ ਬੱਲਾਂ ਦੇ ਮਹਾਂਪੁਰਸ਼ ਸੰਤ ਬਾਬਾ ਪਿੱਪਲ ਦਾਸ ਜੀ, ਸੰਤ ਸਰਵਣ ਦਾਸ ਜੀ, ਸੰਤ ਹਰੀ ਦਾਸ ਜੀ, ਸੰਤ ਗਰੀਬ ਦਾਸ ਜੀ ਮਹਾਂਪੁਰਸ਼ਾਂ ਦੀ ਹਮੇਸ਼ਾ ਰਿਣੀ ਰਹੇਗੀ।

ਇਸ ਅਮਰ ਯਾਦਗਾਰ ਦੇ ਪਵਿੱਤਰ ਅਸਥਾਨ ਵਿਖੇ ਹਰ ਸਾਲ ਬੇਗਮਪੁਰਾ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਸੀਰ ਗੋਵਰਧਨਪੁਰ ਮੰਦਰ ਟਰੱਸਟ (ਕਾਂਸ਼ੀ) ਵਲੋਂ ਚੇਅਰਮੈਨ ਸੰਤ ਨਿਰੰਜਣ ਦਾਸ ਜੀ ਅਤੇ ਮੈਂਬਰ ਸੰਤ ਰਾਮਾਨੰਦ ਜੀ,,ਸੰਤ ਸੁਰਿੰਦਰ ਦਾਸ ਜੀ ਦੀ ਅਗਵਾਈ ਹੇਠ ਗੁਰੂ ਸਾਹਿਬ ਦਾ ਪ੍ਰਕਾਸ਼ ਪੁਰਬ ਮਨਾਇਆ ਜਾਂਦਾ ਹੈ। ਹਰ ਸਾਲ ਸੰਗਤਾਂ ਲੱਖਾਂ ਦੀ ਗਿਣਤੀ ਵਿਚ ਸ਼ਾਮਿਲ ਹੁੰਦੀਆਂ ਹਨ।

*—ਮਹਿੰਦਰ ਸੰਧੂ ਮਹੇੜੂ*

# ਸੰਸਥਾ ਦੇ ਵਧਦੇ ਕਦਮ

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ ਵਲੋਂ ਧਾਰਮਿਕ ਲਿਟਰੇਚਰ ਦਾ ਮਹਾਂ ਕੁੰਭ ਲਗਾਤਾਰ ਜਾਰੀ ਹੈ। ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿਚ ਸ੍ਰੀ ਗੁਰੂ ਰਵਿਦਾਸ ਫਿਲਾਸਫੀ ਦੇ ਪ੍ਰਚਾਰ ਲਈ ਕਿਤਾਬਚਾ ਛਾਪ ਕੇ ਸੰਗਤਾਂ ਦੀ ਭੇਟਾ ਕੀਤਾ ਜਾਂਦਾ ਹੈ। ਪਿਛਲੇ ਸਾਲ ਕਿਤਾਬਚਾ ਨੰਬਰ 12 'ਗੁਰੂ ਮਿਲਿਆ ਰੈਦਾਸ' ਛਾਪਿਆ ਗਿਆ ਸੀ। ਇਹ ਪੰਫਲਿਟ ਬਹੁਤ ਦੂਰ ਦੂਰ ਤੱਕ ਗਿਆ। ਇਸ ਪੰਫਲਿਟ ਦਾ ਸਾਰਾ ਖਰਚਾ ਅਮਰੀਕਾ ਨਿਵਾਸੀ ਸ੍ਰੀ ਦੌਲਤ ਰਾਮ ਜੀ ਨੇ ਆਪਣੇ ਪਿਤਾ ਸ੍ਰੀ ਬੱਗੂ ਰਾਮ ਬੱਧਣ ਦੀ ਯਾਦ ਵਿਚ ਕੀਤਾ ਸੀ। ਇਸ ਪੰਫਲਿਟ ਨੂੰ ਪੜ੍ਹ ਕੇ ਸਾਨੂੰ ਬਹੁਤ ਸਾਰੇ ਖ਼ਤ, ਸੁਨੇਹੇ, ਟੈਲੀਫੋਨ ਅਜੇ ਤੱਕ ਵੀ ਮਿਲ ਰਹੇ ਹਨ। ਸਾਡੀ ਹੌਂਸਲਾ ਅਫ਼ਜ਼ਾਈ ਕਰਨ ਵਾਲਿਆਂ ਵਿਚ ਸਰਵਸ੍ਰੀ ਮੁਲਖ ਰਾਜ ਜੱਖੂ ਢੇਸੀਆਂ ਕਾਨ੍ਹਾ; ਗਿ: ਹਰਜਿੰਦਰ ਸਿੰਘ ਫੱਕਰ ਪੰਥਕ ਢਾਡੀ, ਕਪੂਰਥਲਾ; ਅਮਰ ਨਾਥ ਜੱਸਲ ਲਾਂਬੜਾ; ਅੰਮ੍ਰਿਤ ਪਾਲ ਸਿੰਘ ਛੀਂਟਾਂਵਾਲਾ ਪਟਿਆਲਾ; ਪੀ. ਆਰ. ਰਾਹੀ ਜੈਪੁਰ; ਜੈ ਰਾਮ ਤਲਵੰਡੀ ਅਰਾਈਆਂ, ਹੁਸ਼ਿਆਰਪੁਰ; ਮਨੀ ਰਾਮ ਪਿੰਡ ਯਾਰੀ ਹਰਿਆਣਾ; ਓਮ ਪ੍ਰਕਾਸ਼ ਦਾਸ ਮਹਾਨਾਰ ਟਾਂਡਾ, ਬਿਹਾਰ; ਜਗੀਰ ਚੰਦ ਅਤੇ ਸਤਪਾਲ, ਦੁਸਾਂਝ ਕਲਾਂ, ਜਲੰਧਰ; ਪੰਕਜ ਅਹੀਰ, ਨਕੋਦਰ; ਰਾਜਿੰਦਰ ਸਿੰਘ, ਡਿਫੈਂਸ ਕਾਲੋਨੀ, ਜਲੰਧਰ; ਮਨਜੀਤ ਸਿੰਘ ਖਾਲਸਾ; ਸਤਵਿੰਦਰ ਮਡਾੜ, ਕਲਕੱਤਾ; ਸੰਤ ਪ੍ਰੇਮਦਾਸ ਜੱਸਲ ਦਿੱਲੀ; ਡਾ. ਐਨ. ਐਸ. ਖੋਬਾ; ਰਾਮ ਦਾਸ, ਸ਼ਿਮਲਾਪੁਰੀ, ਲੁਧਿਆਣਾ; ਯੋਗਰਾਜ ਮਹੇ, ਮੁੰਬਈ; ਸ੍ਰੀ ਸੀ. ਐਲ. ਚੁੰਬਰ, ਸ੍ਰੀ ਸਤੀਸ਼ ਚੰਦਰ ਸਪੁੱਤਰ ਸ੍ਰੀ ਜੋਗਿੰਦਰ ਨਾਥ ਐਡਵੋਕੇਟ ਅਬਾਦਪੁਰ; ਗਿ. ਬਲਬੀਰ ਸਿੰਘ ਭਾਮੀਆਂ, ਸ੍ਰੀ ਪ੍ਰਕਾਸ਼ ਚੰਦ ਚੁਗਿੱਟੀ, ਸ੍ਰੀ ਕ੍ਰਿਸ਼ਨ ਦਾਸ ਮਾਛੀਵਾੜਾ, ਸੁਭਾਸ਼ ਚੰਦ ਮੁਸਾਫਰ, ਪਾਲਮਪੁਰ (ਕਾਂਗੜਾ); ਸ੍ਰੀ ਆਤਮਾ ਸਿੰਘ ਵਿਰਦੀ, ਡਾ. ਚਰਨਜੀਤ ਖਟਕੜ ਨਵਾਂ ਸ਼ਹਿਰ, ਸ੍ਰੀ ਗਿਆਨ ਚੰਦ ਬਾਘਾ, ਸ੍ਰੀ ਚਮਨ ਲਾਲ ਲਖਨਊ, ਅਵਤਾਰ ਚੰਦ ਕਾਲਾ ਬਾਹੀਆਂ, ਬੀ. ਡੀ. ਹੀਰਾ ਅਸਲਾਮਾਬਾਦ ਹੁਸ਼ਿਆਰਪੁਰ; ਹਰਭਜਨ ਸਿੰਘ ਕਲੇਰ, ਗੜ੍ਹਸ਼ੰਕਰ; ਜਗੀਰ ਚੰਦ ਮਜਮਾਹਾ, ਕੇ. ਐਸ. ਏ., ਪ੍ਰੇਮ ਪਾਲ ਸਕੰਦਰਪੁਰ, ਕਮਲਜੀਤ ਸਿੰਘ, ਭੋਗਪੁਰ; ਗਿਆਨ ਸਿੰਘ ਬਿਨਪਾਲਕੇ, ਅਸ਼ੋਕ ਕੁਮਾਰ, ਕੁਲਵਿੰਦਰ ਸਿੰਘ, ਨਿਰਮਲ ਦਾਸ, ਕੁਲਦੀਪ ਘੇੜਾ, ਸੁਰਿੰਦਰਪਾਲ ਆਦਿ ਸ਼ਾਮਿਲ ਹਨ।

ਸਰਵਸ੍ਰੀ ਕਾਂਸ਼ੀ ਰਾਮ ਕਲੇਰ (ਸੀਨੀਅਰ ਮੀਤ ਪ੍ਰਧਾਨ), ਪਰਮਜੀਤ ਵਿਰਦੀ (ਮੀਤ ਪ੍ਰਧਾਨ), ਅਮਰਜੀਤ ਸਿੰਘ ਬਿੱਲਾ (ਜਨਰਲ ਸਕੱਤਰ), ਅਸ਼ਵਨੀ ਕੁਮਾਰ ਹੀਰ (ਖਜ਼ਾਨਚੀ), ਸਾਲਗ ਰਾਮ (ਐਡੀਟਰ), ਅਸ਼ਵਨੀ ਚੌਕੜੀਆ (ਕਾਨੂੰਨੀ ਸਲਾਹਕਾਰ), ਸ: ਮੱਘਰ ਸਿੰਘ (ਮੁੱਖ ਸਲਾਹਕਾਰ), ਸ੍ਰੀ ਮਹਿੰਦਰ ਸੰਧੂ ਮਹੇੜੂ (ਵਿਦੇਸ਼ ਪ੍ਰਤੀਨਿਧ), ਗੁਰਪ੍ਰੀਤ ਸਿੰਘ ਬੱਧਣ (ਪ੍ਰੈੱਸ ਸਕੱਤਰ), ਦਿਲਬਾਗ ਸਿੰਘ ਬਿਨਪਾਲਕੇ, ਚਰਨਜੀਤ ਸਿੰਘ ਬਿਨਪਾਲਕੇ ਆਦਿ ਸਾਰੇ ਸੇਵਾਦਾਰ ਲਗਨ ਨਾਲ ਸੇਵਾ ਨਿਭਾ ਰਹੇ ਹਨ।

ਹੁਣ ਸੰਸਥਾ ਨੇ ਇਕ ਨਵਾਂ ਸਿਲਸਿਲਾ ਸ਼ੁਰੂ ਕੀਤਾ ਹੈ। ਸੰਸਥਾ ਪਿੰਡ-ਪਿੰਡ ਜਾ ਕੇ ਬੱਚਿਆਂ ਨੂੰ ਗੁਰੂ ਰਵਿਦਾਸ ਮਿਸ਼ਨ ਨਾਲ ਜੋੜਨਾ ਚਾਹੁੰਦੀ ਹੈ। ਇਸ ਵਾਸਤੇ ਬੱਚਿਆਂ ਦੀਆਂ ਕਲਾਸਾਂ ਲਗਾਉਣ ਦਾ ਪ੍ਰਬੰਧ ਕੀਤਾ ਜਾਂਦਾ ਹੈ। ਲਗਪਗ ਦੋ ਮਹੀਨੇ ਬੱਚਿਆਂ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ ਜਿਨ੍ਹਾਂ ਵਿਚ ਬੱਚਿਆਂ ਨੂੰ ਗੁਰੂ ਰਵਿਦਾਸ ਜੀ ਦੀ ਬਾਣੀ, ਗੁਰੂ ਰਵਿਦਾਸ ਜੀ ਦੇ ਜੀਵਨ ਇਤਿਹਾਸ ਅਤੇ ਗੁਰੂ ਜੀ ਦੀ ਵਿਚਾਰਧਾਰਾ ਦੀ ਸਿਖਿਆ ਦਿੱਤੀ ਜਾਂਦੀ ਹੈ। ਬੱਚਿਆਂ ਨੂੰ ਹਾਰਮੋਨੀਅਮ ਵੀ ਸਿਖਾਇਆ ਜਾਂਦਾ ਹੈ, ਫਿਰ ਬੱਚਿਆਂ ਦੀ ਪ੍ਰੀਖਿਆ ਅਤੇ ਇੰਨਟਰਨਲ ਅਸੈਸਮੈਂਟ ਲਈ ਜਾਂਦੀ ਹੈ ਅਤੇ ਪਾਸ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਜਾਂਦੇ ਹਨ। ਹੁਣ ਤੱਕ ਸੰਸਥਾ ਨੇ ਪਿੰਡ ਬਿਨਪਾਲਕੇ, ਭੂੰਦੀਆਂ ਤੇ ਗੁਰੂ ਰਵਿਦਾਸ ਨਗਰ ਭੋਗਪੁਰ (ਜਲੰਧਰ) ਵਿਚ ਕੁਲ 84 ਬੱਚਿਆਂ ਦੀਆਂ ਕਲਾਸਾਂ ਲਗਾ ਕੇ ਗੁਰੂ ਮਿਸ਼ਨ ਨਾਲ ਜੋੜਿਆ ਹੈ।

ਪੰਜਾਬ ਵਿਚ ਲੱਗਣ ਵਾਲੇ ਕਈ ਮੇਲਿਆਂ ਵਿਚ ਸੰਗਤਾਂ ਦੀ ਸਹੂਲਤ ਲਈ ਡਾਕਟਰੀ ਕੈਂਪ ਵੀ ਲਾਏ ਜਾਂਦੇ ਹਨ, ਜਿਨ੍ਹਾਂ ਵਿਚ ਸੰਗਤਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਜਾਂਦੀਆਂ ਹਨ।

ਸੰਸਥਾ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਗੁਟਕੇ ਵੀ ਛਾਪੇ ਗਏ ਹਨ। ਸਾਡੀ ਸਭਾ

ਵਲੋਂ ਪ੍ਰਕਾਸ਼ਿਤ ਗੁਰੂ ਰਵਿਦਾਸ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਦਾ ਗੁਟਕਾ ਤੁਸੀਂ 5 ਰੁਪਏ ਦੀਆਂ ਡਾਕ-ਟਿਕਟਾਂ ਭੇਜ ਕੇ ਮੰਗਵਾ ਸਕਦੇ ਹੋ। ਅਗਰ ਇਹੀ ਗੁਟਕੇ ਤੁਸੀਂ ਆਪਣੇ ਇਲਾਕੇ ਦੀਆਂ ਸੰਗਤਾਂ ਨੂੰ ਮੁਫ਼ਤ ਵੰਡਣਾ ਚਾਹੁੰਦੇ ਹੋ ਤਾਂ ਇਹ ਸਾਡੇ ਪਾਸੋਂ 300 ਰੁਪਏ ਭੇਟਾ ਦੇ ਕੇ 100 ਗੁਟਕੇ ਮਿਲ ਸਕਦੇ ਹਨ।

ਇਹ ਹਥਲਾ ਟ੍ਰੈਕਟ ਅਗਰ ਤੁਸੀਂ ਆਪਣੇ ਇਲਾਕੇ ਦੀਆਂ ਸੰਗਤਾਂ ਨੂੰ ਮੁਫਤ ਵੰਡਣਾ ਚਾਹੁੰਦੇ ਹੋ ਤਾਂ ਇਹ ਸਾਡੇ ਪਾਸੋਂ 150 ਰੁਪਏ ਸੈਂਕੜਾ ਦੇ ਹਿਸਾਬ ਨਾਲ ਮਿਲ ਸਕਦਾ ਹੈ। ਹਿੰਦੀ ਲਿਟਰੇਚਰ ਅਤੇ ਡਾ. ਬੀ. ਆਰ. ਅੰਬੇਡਕਰ ਬਾਰੇ ਵੀ ਪੰਫਲਿਟਾਂ ਦੀ ਮੰਗ ਆ ਰਹੀ ਹੈ। ਸੰਗਤਾਂ ਦੇ ਸਹਿਯੋਗ ਨਾਲ ਹੀ ਇਹ ਸਾਰੇ ਉੱਦਮ ਕੀਤੇ ਜਾ ਸਕਦੇ ਹਨ। ਉਮੀਦ ਕਰਦੇ ਹਾਂ ਕਿ ਇਸ ਮਹਾਂਕੁੰਭ ਵਿਚ ਸਮੁੱਚੀ ਸੰਗਤ ਹੀ ਸਮਰੱਥਾ ਅਨੁਸਾਰ ਯੋਗਦਾਨ ਪਾਵੇਗੀ।

*ਸੰਗਤਾਂ ਦਾ ਦਾਸ—ਰਛਪਾਲ ਸਿੰਘ ਬੱਧਣ*
*ਐਨ. ਬੀ. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ.*
*ਫੋਨ—0181-2490309, ਮੋਬਾਇਲ : 98720-11515*

* * *

# ਗੁਰੂ ਰਵਿਦਾਸ ਜੀ ਦੇ ਰਾਮ

ਗੁਰੂ ਰਵਿਦਾਸ ਜੀ ਨੇ ਆਪਣੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਵਿਚ ਰਾਮ ਅਤੇ ਰਾਜਾ ਰਾਮ ਸ਼ਬਦ 21 ਵਾਰ ਅਤੇ ਰਾਜਾ ਰਾਮ ਚੰਦ ਸ਼ਬਦ ਇਕ ਵਾਰ ਵਰਤਿਆ ਹੈ, ਜਿਵੇਂ :

**—ਰਵਿਦਾਸੁ ਜਪੈ ਰਾਮ ਨਾਮਾ॥ ਮੋਹਿ ਜਮ ਸਿਉ ਨਾਹੀ ਕਾਮਾ॥**
**—ਕਹਿ ਰਵਿਦਾਸ ਇਕ ਬੇਨਤੀ ਹਰਿ ਸਿਉ, ਪੈਜ ਰਾਖਹੁ ਰਾਜਾ ਰਾਮ ਮੇਰੀ॥**
**—ਤੁਮ ਸਰਨਾਗਤਿ ਰਾਜਾ ਰਾਮ ਚੰਦ, ਕਹਿ ਰਵਿਦਾਸ ਚਮਾਰਾ॥**

ਕਈ ਪਾਠਕ ਜਨ ਜਦ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ ਪੜ੍ਹਦੇ ਹਨ ਤਾਂ ਉਹ ਸਮਝਦੇ ਹਨ ਕਿ ਇਨ੍ਹਾਂ ਵਿਚ ਗੁਰੂ ਜੀ ਨੇ ਦਸ਼ਰਥ ਪੁੱਤਰ ਸ੍ਰੀ ਰਾਮ ਚੰਦਰ ਜੀ ਦੀ ਗੱਲ ਕੀਤੀ ਹੈ। ਪਰ ਜਦੋਂ ਉਹ ਇਤਿਹਾਸ ਵਿਚ ਪੜ੍ਹਦੇ ਹਨ ਕਿ ਸ੍ਰੀ ਰਾਮ ਜੀ ਨੇ ਮਹਾਂਰਿਸ਼ੀ ਸ਼ੰਭੂਕ ਦਾ ਇਸ ਕਰਕੇ ਕਤਲ ਕਰ ਦਿੱਤਾ ਸੀ ਕਿਉਂ ਕਿ ਉਹ ਸ਼ੂਦਰ ਹੋ ਕੇ ਰੱਬ ਦੀ ਭਗਤੀ ਕਰਦਾ ਸੀ। ਸ੍ਰੀ ਰਾਮ ਚੰਦਰ ਜੀ ਨੇ ਬਾਲੀ ਅਤੇ ਸੁਗਰੀਵ ਦੋ ਸਕੇ ਭਰਾਵਾਂ ਨੂੰ ਆਪਸ ਵਿਚ ਲੜਾ ਕੇ ਆਪ ਦਰਖਤਾਂ ਓਹਲੇ ਲੁਕ ਕੇ ਮਹਾਂ ਯੋਧਾ ਬਾਲੀ ਜੀ ਨੂੰ ਤੀਰ ਮਾਰ ਕੇ ਖ਼ਤਮ ਕਰ ਦਿੱਤਾ ਸੀ ਅਤੇ ਆਪਣੀ ਪਤਨੀ ਮਾਤਾ ਸੀਤਾ ਨੂੰ ਪਵਿੱਤਰ ਹੋਣ ਦੇ ਬਾਵਜੂਦ ਵੀ ਬਨਵਾਸ ਦੇ ਕੇ ਖੂੰ-ਖਾਰ ਜਾਨਵਰਾਂ ਦੇ ਰਹਿਮ 'ਤੇ ਛੱਡ ਦਿੱਤਾ ਸੀ ਤਾਂ ਉਹਨਾਂ ਦੇ ਮਨ ਵਿਚ ਕਈ ਸ਼ੰਕੇ ਉਪਜਣ ਲੱਗਦੇ ਹਨ। ਆਉ ਇਨ੍ਹਾਂ ਦੀ ਨਵਿਰਤੀ ਕਰੀਏ।

ਗੁਰੂ ਜੀ ਨੇ ਇਹ ਸ਼ਬਦ ਦਸ਼ਰਥ ਪੁੱਤਰ ਸ੍ਰੀ ਰਾਮ ਚੰਦਰ ਜੀ ਲਈ ਨਹੀਂ ਵਰਤੇ। ਇਨ੍ਹਾਂ ਸ਼ਬਦਾਂ ਨਾਲ ਤਾਂ ਗੁਰੂ ਜੀ ਨੇ ਪਾਰਬ੍ਰਹਮ ਪ੍ਰਮਾਤਮਾ ਨੂੰ ਸੰਬੋਧਨ ਕੀਤਾ ਹੈ। ਗੁਰੂ ਜੀ ਇਸ ਦਾ ਸਪੱਸ਼ਟ ਨਿਰਣਾ ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਬਾਣੀ ਵਿਚ ਦਿੰਦੇ ਹੋਏ ਲਿਖਦੇ ਹਨ।

**ਰਵਿਦਾਸ ਹਮਾਰੇ ਰਾਮ ਜੀ, ਦਸ਼ਰਥ ਕਾ ਸੁਤ ਨਾਹੀ॥**
**ਰਾਮ ਹਮੀਂ ਮਹਿ ਰਮਿ ਰਹਯੋ, ਵਿਸ਼ਵ ਕੁਟੰਬ ਮਾਹਿ॥**

*(ਪੁਸਤਕ ਸਤਿਗੁਰ ਰਵਿਦਾਸ ਜੀ, ਪੰਨਾ 140)*

ਸੋ ਸਪੱਸ਼ਟ ਹੈ ਕਿ ਗੁਰੂ ਜੀ ਦੇ ਰਾਮ ਅਵਤਾਰੀ ਸ੍ਰੀ ਰਾਮ ਚੰਦਰ ਜੀ ਨਹੀਂ ਹਨ। ਗੁਰੂ ਜੀ ਨੇ ਇਨ੍ਹਾਂ ਸ਼ਬਦਾਂ ਦੁਆਰਾ ਪ੍ਰਮਾਤਮਾ ਨੂੰ ਹੀ ਸੰਬੋਧਨ ਕੀਤਾ ਹੈ। ਇਸੇ ਰਾਮ ਨੂੰ ਗੁਰੂ ਜੀ ਆਪਣੀ ਬਾਣੀ

ਵਿਚ ਮਾਧਓ, ਨਰਾਇਣ, ਜਗਨਨਾਥ, ਹਰਿ, ਨਾਇਕ, ਸੁਆਮੀ, ਪ੍ਰਾਨਨਾਥ ਆਦਿ ਸ਼ਬਦਾਂ ਨਾਲ ਸੰਬੋਧਨ ਕੀਤਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਮਾਤਮਾ ਦੇ ਲਖਾਇਕ ਵਲੋਂ ਰਾਮ ਸ਼ਬਦ 2533 ਵਾਰੀ ਵਰਤਿਆ ਗਿਆ ਹੈ। ਜਿਵੇਂ :

—ਰਾਮ ਰਾਮ ਕਰਤਾ ਸਭ ਜਗ ਫਿਰੈ, ਰਾਮ ਨ ਪਾਇਆ ਜਾਇ॥

—ਰਾਮ ਨਾਮ ਗੁਣ ਗਾਇ ਲੇ ਮੀਤਾ, ਹਰ ਸਿਮਰਤ ਤੇਰੀ ਲਾਜ ਰਹੈ॥

—ਰਾਮ ਰਮਹੁ ਬਡਭਾਗੀਹੋ, ਜਲਿ ਥਲਿ ਮਹੀਅਲਿ ਸੋਇ॥

ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਰਾਮ ਚੰਦਰ ਜੀ ਲਈ ਵਰਤੇ ਲਫ਼ਜ਼ ਰਾਮ ਬਾਰੇ ਤਾਂ ਸਪੱਸ਼ਟ ਪਤਾ ਲੱਗ ਜਾਂਦਾ ਹੈ।

—ਏਕ ਰਾਮ ਦਸ਼ਰਥ ਘਰ ਡੋਲੇ॥ ਏਕ ਰਾਮ ਘਟ ਘਟ ਮਹਿ ਬੋਲੇ॥

—ਰੋਵੈ ਰਾਮ ਨਿਕਾਲਾ ਭਇਆ, ਸੀਤਾ ਲਖਮਣ ਵਿਛੜੁ ਗਇਆ॥

—ਰਾਮ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ॥

ਸੋ ਗੁਰਬਾਣੀ ਦੇ ਇਹ ਪ੍ਰਮਾਣ ਸਪੱਸ਼ਟ ਕਰਦੇ ਹਨ ਕਿ ਗੁਰੂ ਰਵਿਦਾਸ ਜੀ ਦੁਆਰਾ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਲਫ਼ਜ਼ ਰਾਮ ਪਾਰਬ੍ਰਹਮ ਦੇ ਹੀ ਲਖਾਇਕ ਹਨ। ਨਾਲ ਹੀ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਗੁਰੂ ਜੀ ਨਿਰਗੁਣਵਾਦੀ ਸਨ। ਉਹਨਾਂ ਨੇ ਕੇਵਲ ਪ੍ਰਮਾਤਮਾ ਦੀ ਭਗਤੀ ਕੀਤੀ ਹੈ ਕਿਸੇ ਦੇਹਧਾਰੀ ਗੁਰੂ, ਅਵਤਾਰ, ਭਗਵਾਨ ਜਾਂ ਮੂਰਤੀਆਂ ਦੀ ਨਹੀਂ।

* * *

# ਮਾਨੁਖਾ ਅਵਤਾਰ ਦੁਲਭ

ਅਸੀਂ 84 ਲੱਖ ਜੂਨਾਂ ਭੁਗਤਣ ਤੋਂ ਬਾਦ ਮਨੁੱਖੀ ਜਾਮੇ ਵਿਚ ਸੰਸਾਰ 'ਤੇ ਆਉਂਦੇ ਹਾਂ। ਇਨ੍ਹਾਂ 84 ਲੱਖ ਜੂਨਾਂ ਵਿਚ ਮਨੁੱਖੀ ਜੂਨ ਸਭ ਤੋਂ ਉੱਤਮ ਹੈ। ਇਸੇ ਕਰਕੇ ਗੁਰਬਾਣੀ ਦਾ ਹੁਕਮ ਹੈ, "ਅਵਰ ਜਨ ਤੇਰੀ ਪਨਹਾਰੀ॥ ਇਸ ਧਰਤੀ ਤੇ ਤੇਰੀ ਸਿਕਦਾਰੀ॥" ਮਨੁੱਖੀ ਜੂਨ ਹੀ ਐਸੀ ਜੂਨ ਹੈ ਜਿਸ ਵਿਚ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਇਸ ਦਾ ਕਾਰਨ ਹੈ ਕਿ ਸਾਰੇ ਜੀਵਾਂ 'ਚੋਂ ਮਨੁੱਖ ਹੀ ਇਕ ਐਸਾ ਜੀਵ ਹੈ ਜਿਸ ਦਾ ਦਿਮਾਗ਼ ਸਭ ਤੋਂ ਵੱਧ ਵਿਕਸਿਤ ਹੈ। ਇਸ ਕਰਕੇ ਗੁਰੂ ਰਵਿਦਾਸ ਜੀ ਨੇ ਫੁਰਮਾਇਆ ਹੈ :

—ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ॥

ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ॥

ਤ੍ਰਿਗਦ ਜੂਨਾਂ (ਮਨੁੱਖ ਨੂੰ ਛੱਡ ਕੇ ਬਾਕੀ ਜੀਵ) ਅਚੇਤ (ਥੋੜ੍ਹੀ ਅਕਲ) ਹੋਣ ਕਰਕੇ ਸਮਝ ਬੂਝ ਤੋਂ ਕੋਰੀਆਂ ਹਨ। ਸੰਭਵਤ ਵਿਚਾਰਹੀਣ ਹੋਣ ਕਰਕੇ ਇਨ੍ਹਾਂ ਨੂੰ ਪੁੰਨ-ਪਾਪ ਭਾਵ ਕੀ ਚੰਗਾ ਅਤੇ ਕੀ ਮੰਦਾ ਹੈ ਦਾ ਗਿਆਨ ਨਹੀਂ ਹੈ ਪਰ ਐਹ ਮਨੁੱਖ ਤੇਰਾ ਜਨਮ ਤਾਂ ਬੜਾ ਦੁਰਲਭ ਹੈ ਪਰੰਤੂ ਤੂੰ ਆਪਣੀ ਸੰਗਤ ਘਟੀਆ, ਮਕਾਰ ਅਤੇ ਅਤਿ ਨੀਚ ਵਿਕਾਰਾਂ ਨਾਲ ਕਰ ਲਈ ਹੈ। ਤੂੰ ਇਸ ਦੁਰਲਭ ਬੁਧੀ ਨਾਲ ਕੁਝ ਵੀ ਸਮਝਿਆ ਸੋਚਿਆ ਨਹੀਂ ਹੈ।

ਗੁਰੂ ਰਵਿਦਾਸ ਜੀ ਦੇ ਹੁਕਮ ਅਨੁਸਾਰ ਸਾਨੂੰ ਪੁੰਨ ਦੇ ਕਰਮ ਕਰਨੇ ਚਾਹੀਦੇ ਹਨ। ਅਸੀਂ ਪ੍ਰਮਾਤਮਾ ਦੇ ਬਣਾਏ ਜੀਵਾਂ 'ਤੇ ਤਰਸ ਕਰਕੇ, ਦਇਆ ਕਰਕੇ ਆਪਣੇ ਮਾਨੁਖਾ ਅਵਤਾਰ ਦੁਲਭ ਨੂੰ ਸਫ਼ਲਾ ਕਰ ਸਕਦੇ ਹਾਂ।

ਤੁਸੀਂ ਦੇਖਦੇ ਹੀ ਹੋ ਅੱਜ ਸਾਡੇ ਦੇਸ਼ ਵਿਚ ਕਰੋੜਾਂ ਲੋਕ ਪਸ਼ੂਆਂ ਤੋਂ ਵੀ ਭੈੜੀ ਨਰਕਾਂ ਜਿਹੀ ਜ਼ਿੰਦਗੀ ਬਤੀਤ ਕਰਨ ਲਈ ਮਜਬੂਰ ਹਨ। ਉਹ ਮਨੁੱਖਾ ਜੀਵਨ ਸਫਲਾ ਕਰਨ ਨਹੀਂ ਸਗੋਂ ਮਨੁਖ

ਦੀ ਜੂਨ ਭੁਗਤਣ ਆਏ ਹੋਏ ਹਨ। ਦੇਖੋ ਹਿੰਦੁਸਤਾਨ ਦੀ ਕਿੰਨੀ ਸੋਹਣੀ ਮਿਸਾਲ ਹੈ ਕਿ ਇਕ ਖੂਹ ਤੋਂ ਕੁੱਤਾ ਤਾਂ ਪਾਣੀ ਪੀ ਸਕਦਾ ਹੈ ਪਰ ਸ਼ੂਦਰ ਮਨੁੱਖ ਨਹੀਂ ਤਾਂ ਫਿਰ ਜੂਨ ਭੁਗਤਣ ਕੌਣ ਆਇਆ ਹੋਇਆ ? ਸ਼ੂਦਰ ਮਨੁੱਖ ਜਾਂ ਕੁੱਤਾ ? ਨਰਕਾਂ ਦੀ ਗੱਲ ਤੋਂ ਯਾਦ ਆਇਆ ਆਹ ਪਿਛੇ ਜਿਹੇ ਆਪਣੇ ਪ੍ਰਧਾਨ ਮੰਤਰੀ ਸਾਹਿਬ ਨੇ ਸੋਚਿਆ ਕਿ ਸਵਰਗ ਦੇ ਲੋਕਾਂ ਨਾਲ ਫੋਨ 'ਤੇ ਗੱਲ ਕਰਕੇ ਦੇਖੀਏ ਕਿ ਉਹ ਕੀ ਕਹਿੰਦੇ ਹਨ ਤੇ ਕਿਹੋ ਜਿਹੀ ਜ਼ਿੰਦਗੀ ਬਤੀਤ ਕਰਦੇ ਹਨ। ਉਹਨਾਂ ਸਵਰਗਾਂ ਨੂੰ ਫੋਨ ਲਾਇਆ ਤੇ 10 ਮਿੰਟ ਗੱਲ ਕੀਤੀ ਰਾਜ਼ੀ ਖੁਸ਼ੀ ਪੁਛਿਆ। ਕੰਪਿਊਟਰ ਨੇ 20,000 ਰੁਪਏ ਦਾ ਬਿੱਲ ਕੱਢ ਕੇ ਬਾਹਰ ਮਾਰਿਆ। ਫਿਰ ਉਹਨਾਂ ਨੇ ਸੋਚਿਆ ਕਿ ਨਰਕਾਂ ਦੇ ਲੋਕ ਕਿਤੇ ਨਾਰਾਜ਼ ਹੀ ਨਾ ਹੋ ਜਾਣ ਚਲੋ ਉਹਨਾਂ ਦਾ ਵੀ ਹਾਲ-ਚਾਲ ਪੁੱਛ ਲਈਏ। ਫਿਰ ਉਹਨਾਂ ਨੇ ਨਰਕਾਂ ਨੂੰ ਫੋਨ ਲਗਾ ਲਿਆ। ਨਰਕਾਂ ਦੇ ਲੋਕ ਆਪਣੀਆਂ ਦੁੱਖ-ਤਕਲੀਫਾਂ ਹੀ ਦੱਸੀ ਜਾਣ, ਫੋਨ ਹੀ ਨਾ ਕੱਟਣ ਦੇਣ। ਅੱਧਾ ਘੰਟਾ, ਇਕ ਘੰਟਾ ਦੋ ਘੰਟੇ ਗੱਲ ਹੁੰਦੀ ਰਹੀ। ਫੋਨ ਕੱਟਿਆ, ਕੰਪਿਊਟਰ ਨੇ ਬਿੱਲ ਬਣਾਇਆ 200 ਰੁਪਏ। ਪ੍ਰਧਾਨ ਮੰਤਰੀ ਹੈਰਾਨ-ਪ੍ਰੇਸ਼ਾਨ, ਉਹਨਾਂ ਸੋਚਿਆ ਕਿ ਸਵਰਗ ਵਿਚ 10 ਮਿੰਟ ਗੱਲ ਕੀਤੀ ਬਿੱਲ ਬਣਿਆ 20,000 ਰੁਪਏ। ਨਰਕਾਂ ਵਿਚ ਦੋ ਘੰਟੇ ਗੱਲ ਕੀਤੀ ਬਿੱਲ ਬਣਿਆ 200 ਰੁਪਏ। ਉਹਨਾਂ ਐਕਸਚੇਂਜ ਨੂੰ ਫੋਨ ਕਰਕੇ ਪੁਛਿਆ ਬਈ ਆਹ! ਨਰਕਾਂ ਵਾਲੀ ਗੱਲ ਦਾ ਬਿੱਲ ਇਤਨਾ ਘੱਟ ਕਿਉਂ ਬਣਿਆ ਹੈ ? ਜਵਾਬ ਮਿਲਿਆ ਪ੍ਰਧਾਨ ਮੰਤਰੀ ਸਾਹਿਬ ਆਹ ਨਰਕਾਂ ਵਾਲੀ ਗੱਲ ਤੁਹਾਡੀ ਲੋਕਲ ਕਾਲ ਸੀ ਤੇ ਸਵਰਗਾਂ ਵਾਲੀ ਕਾਲ ? ਇਹ ਆਈ. ਐਸ. ਡੀ. ਕਾਲ ਸੀ।

ਭਾਈ! ਇਹ ਮੁਲਕ ਨਰਕਾਂ ਤੋਂ ਵਧ ਕੇ ਕਿਵੇਂ ਨਾ ਹੋਵੇ ਜਿਥੇ ਸ਼ੰਭੂਕ ਵਰਗੇ ਮਹਾਂ ਤਪੱਸਵੀ ਨੂੰ ਸ਼ੂਦਰ ਹੋਣ ਕਰਕੇ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੋਵੇ। ਜਿਥੇ ਬੇਕਸੂਰ ਬਾਲੀ ਜਿਹੇ ਮਹਾਨ ਯੋਧੇ ਨੂੰ ਧੋਖੇ ਨਾਲ ਮਾਰ ਦਿੱਤਾ ਜਾਂਦਾ ਹੋਵੇ। ਜਿਥੇ ਏਕਲਵਯ ਵਰਗੇ ਮਹਾਨ ਤੀਰ ਅੰਦਾਜ਼ੀ ਨੂੰ ਸ਼ੂਦਰ ਹੋਣ ਕਰਕੇ ਉਸ ਨਾਲ ਛਲ ਕਰਕੇ ਉਸ ਨੂੰ ਨਿਹੱਥਾ ਕਰ ਦਿੱਤਾ ਜਾਂਦਾ ਹੋਵੇ। ਜਿਥੇ ਔਰਤਾਂ ਨੂੰ ਜ਼ਬਰਦਸਤੀ ਸਤੀ ਕਰ ਦਿੱਤਾ ਜਾਂਦਾ ਹੋਵੇ। ਜਿਥੇ ਆਪਣੇ ਵਰਗੇ ਹੀ ਦੂਜੇ ਬੰਦਿਆਂ ਨੂੰ ਸ਼ੂਦਰ ਹੋਣ ਦਾ ਦਰਜਾ ਦੇ ਕੇ ਦੁਰਕਾਰਿਆ ਤੇ ਫਿਟਕਾਰਿਆ ਜਾਂਦਾ ਹੋਵੇ। ਜਿਥੇ ਇੱਕੀਵੀਂ ਸਦੀ ਦੇ ਦੌਰਾਨ ਗਾਵਾਂ ਨੂੰ ਮਾਰ ਦੇਣ ਦਾ ਦੋਸ਼ ਦੇ ਕੇ ਪੰਜ ਦਲਿਤਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੋਵੇ।

ਸੋ ਜਿਹੜੇ ਦਲਿਤ ਸਮਾਜ ਦੇ ਕੁਝ ਲੋਕ ਮਨੁੱਖੀ ਜੂਨ ਵਿਚ ਆਏ ਹੋਏ ਹਨ, ਚੰਗਾ ਜੀਵਨ ਗੁਜ਼ਾਰ ਰਹੇ ਹਨ ਉਹਨਾਂ ਨੂੰ ਗੁਰੂ ਰਵਿਦਾਸ ਜੀ ਦਾ ਹੁਕਮ ਹੈ ਕਿ ਉਹ ਪਸ਼ੂਆਂ ਤੋਂ ਬਦਤਰ ਜੀਵਨ ਗੁਜ਼ਾਰ ਰਹੇ ਸਮਾਜ ਲਈ ਕੁਝ ਕਰਨ। ਪਰ ਇਹਨਾਂ ਨੂੰ ਸਮਾਜ ਦੀ ਕੀ ਫ਼ਿਕਰ ਹੈ। ਇਹਨਾਂ ਨੂੰ ਹੁਣ ਪੇਟ ਭਰ ਕੇ ਰੋਟੀ ਮਿਲਣ ਲੱਗ ਪਈ ਹੈ। ਇਸ ਕਰਕੇ ਇਹ ਹੁਣ ਆਪਣੇ ਆਪ ਨੂੰ ਦਲਿਤ ਸਮਝਦੇ ਹੀ ਨਹੀਂ। ਇਹ ਤਾਂ ਹੁਣ ਅਮੀਰ ਹੋ ਕੇ ਸਵਰਨ ਬਣ ਗਏ, ਬ੍ਰਾਹਮਣ ਬਣ ਗਏ ਹਨ। ਇਨ੍ਹਾਂ ਨੂੰ ਵੀ ਹੁਣ ਗਰੀਬ ਦਲਿਤਾਂ ਤੋਂ ਘਿਣਾ ਆਉਂਦੀ ਹੈ। ਇਹਨਾਂ ਦਾ ਇਹ ਸਵਾਰਥਪਨ ਦੇਖ 1956 ਈ: ਨੂੰ ਡਾ. ਅੰਬੇਡਕਰ ਜੀ ਨੇ ਆਗਰੇ ਵਿਚ ਧਾਹ ਮਾਰ ਕੇ ਕਿਹਾ ਸੀ "ਜਿਥੇ ਦਲਿਤ ਲੋਕਾਂ ਨੂੰ ਗੁਲਾਮ ਰੱਖਣ ਦੀ ਮਨੂੰਵਾਦੀ ਹਾਕਮਾਂ ਨੇ ਆਪਣੀ ਪਿਤਾ ਪੁਰਖੀ ਕਾਰਵਾਈ ਜਾਰੀ ਰੱਖੀ ਹੋਈ ਹੈ ਉਥੇ ਮੇਰੇ ਸਮਾਜ ਵਿਚ ਪੈਦਾ ਹੋਏ ਪੜ੍ਹੇ-ਲਿਖੇ ਲੋਕਾਂ ਨੇ ਵੀ ਮੇਰੇ ਸਮਾਜ ਨਾਲ ਧੋਖਾ ਕੀਤਾ ਹੈ।"

ਸਾਡੇ ਸਮਾਜ ਦੀ ਇਹ ਮਨੋਵਿਰਤੀ ਜਿਥੇ ਗਰੀਬ ਦਲਿਤਾਂ ਨੂੰ ਢਾਹ ਲਾ ਰਹੀ ਹੈ ਉਥੇ ਉਹ ਇਕ ਦਿਨ ਇਨ੍ਹਾਂ ਨੂੰ ਵੀ ਲੈ ਡੁੱਬੇਗੀ, ਕਿਉਂਕਿ ਇਤਿਹਾਸ ਕੌਮਾਂ ਸਿਰਜਦੀਆਂ ਹਨ, ਕੁਝ ਕਬੀਲੇ ਜਾਂ ਮੁੱਠੀ ਭਰ ਲੋਕਾਂ ਦਾ ਸਮੂਹ ਨਹੀਂ। ਸੋ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਗੁਰੂ ਰਵਿਦਾਸ ਹੁਕਮ 'ਮਾਨੁਖਾ ਅਵਤਾਰ ਦੁਲਭ' ਮੁਤਾਬਕ ਆਪਣੇ ਅਮੁਲਕ ਜੀਵਨ ਨੂੰ ਸੰਵਾਰਨ ਲਈ ਆਪਣੇ ਪਿੱਛੇ ਬੈਠੇ ਗਰੀਬ ਦਲਿਤ ਸਮਾਜ ਦੇ ਵਿਕਾਸ ਲਈ ਉਦਮ ਕਰੀਏ।

*--ਦਿਲਬਾਗ ਸਿੰਘ ਬਿਨਪਾਲਕੇ*

*ਮੋਬਾਇਲ : 98722-42944*

* * *

# ਗੁਰੂ ਗ੍ਰੰਥ ਸਾਹਿਬ ਜੀ ਦੇ 400 ਸਾਲਾ ਸ਼ਤਾਬਦੀ ਪੁਰਬ

ਗੁਰੂ ਗ੍ਰੰਥ ਸਾਹਿਬ ਜਿਨ੍ਹਾਂ ਦਾ 400 ਸਾਲਾ ਸ਼ਤਾਬਦੀ ਪੁਰਬ ਪੂਰੀ ਲੋਕਾਈ ਵਿਚ ਅੱਜ ਪੂਰਨ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ, ਦੀ ਸਾਰੀ ਸੰਗਤ ਨੂੰ ਲੱਖ-ਲੱਖ ਵਧਾਈ ਹੋਵੇ। ਗੁਰੂ ਗ੍ਰੰਥ ਸਾਹਿਬ ਗੁਰੂ ਅਰਜਨ ਦੇਵ ਜੀ ਦੀ ਸਾਰੇ ਜਗਤ ਨੂੰ ਇਕ ਵੱਡਮੁੱਲੀ ਦੇਣ ਹੈ। ਗੁਰੂ ਗ੍ਰੰਥ ਸਾਹਿਬ ਨੂੰ ਸਾਕਾਰ ਕਰਨ ਦੀ ਵਿਉਂਤ ਗੁਰੂ ਨਾਨਕ ਦੇਵ ਜੀ ਨੇ ਆਪਣੇ ਕਾਲ ਵਿਚੋਂ ਹੀ ਆਰੰਭ ਕਰ ਲਈ ਸੀ। ਉਹਨਾਂ ਆਪਣੀਆਂ ਚਾਰ ਉਦਾਸੀਆਂ ਦੌਰਾਨ ਆਪਣੀ ਉਚਾਰੀ ਬਾਣੀ ਦੇ ਨਾਲ ਭਗਤ ਬਾਣੀ ਇਕੱਠੀ ਕਰਨੀ ਸ਼ੁਰੂ ਕੀਤੀ। ਉਹਨਾਂ ਆਪ ਭਗਤਾਂ ਤੇ ਮਹਾਂਪੁਰਸ਼ਾਂ ਦੇ ਟਿਕਾਣਿਆਂ 'ਤੇ ਜਾ ਕੇ ਉਹਨਾਂ ਪਾਸੋਂ ਜਾਂ ਉਨ੍ਹਾਂ ਦੇ ਜਾਨਸ਼ੀਨਾਂ ਪਾਸੋਂ ਬਾਣੀ ਇਕੱਠੀ ਕੀਤੀ ਕਿਉਂਕਿ ਬਾਣੀ ਦੇ ਰਚਨਹਾਰ ਸਾਰੇ ਸਮਕਾਲੀ ਨਹੀਂ ਸਨ। ਪ੍ਰਚਾਰ ਕਰਦੇ ਸਮੇਂ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਦੇ ਨਾਲ ਨਾਲ ਇਹਨਾਂ ਮਹਾਂਪੁਰਸ਼ਾਂ ਦੀ ਬਾਣੀ ਦਾ ਪ੍ਰਚਾਰ ਵੀ ਕਰਦੇ ਸਨ।

ਇਹ ਸਾਰੀ ਇਕੱਤਰ ਕੀਤੀ ਬਾਣੀ ਤੇ ਆਪਣੀ ਰਚੀ ਬਾਣੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜਾਨਸ਼ੀਨ ਗੁਰੂ ਅੰਗਦ ਦੇਵ ਜੀ ਨੂੰ ਸੌਂਪੀ। ਇਸ ਤਰ੍ਹਾਂ ਇਸ ਬਾਣੀ ਦੀਆਂ ਸੈਂਚੀਆਂ ਚੌਥੇ ਗੁਰੂ, ਗੁਰੂ ਰਾਮਦਾਸ ਜੀ ਤੱਕ ਪੁੱਜੀਆਂ।

ਗੁਰੂ ਰਾਮਦਾਸ ਜੀ ਤੋਂ ਇਹ ਸੈਂਚੀਆਂ ਬਾਬਾ ਮੋਹਨ ਜੀ ਜੋ ਤੀਸਰੇ ਗੁਰੂ ਗੁਰੂ ਅਮਰਦਾਸ ਜੀ ਦੇ ਸਪੁੱਤਰ ਸਨ, ਪਾਸ ਗਈਆਂ। ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਰਚੀ ਬਾਣੀ ਅਤੇ ਪਹਿਲੇ ਗੁਰੂਆਂ ਤੇ ਮਹਾਂਪੁਰਸ਼ਾਂ ਦੀ ਬਾਣੀ ਨੂੰ ਇਕੋ ਗ੍ਰੰਥ ਦੇ ਰੂਪ ਵਿ ਸੰਪਾਦਨ ਕਰਨ ਦਾ ਵਿਚਾਰ ਬਣਾਇਆ। 1601 ਈ: ਨੂੰ ਗੁਰੂ ਜੀ ਨੇ ਬਾਬਾ ਮੋਹਨ ਜੀ ਤੋਂ ਬਾਣੀ ਦੀਆਂ ਇਹ ਸੈਂਚੀਆਂ ਲੈ ਕੇ ਇਹ ਕਾਰਜ਼ ਆਰੰਭ ਕੀਤਾ। ਸਾਰੀ ਬਾਣੀ ਨੂੰ ਰਾਗਾਂ ਦੀ ਤਰਤੀਬ ਅਤੇ ਪੰਜਾਂ ਗੁਰੂਆਂ ਅਤੇ ਮਹਾਂਪੁਰਸ਼ਾਂ ਦੀ ਬਾਣੀ ਦੀ ਤਰਤੀਬ ਨਾਲ ਵੱਖਰਾ ਕਰਕੇ ਆਪਣੀ ਸੰਪਾਦਨਾ ਹੇਠ ਭਾਈ ਗੁਰਦਾਸ ਜੀ ਨੂੰ ਇਹ ਬਾਣੀ ਲਿਖਣ ਦੀ ਸੇਵਾ ਸੌਂਪੀ।

ਗ੍ਰੰਥ ਲਿਖਣ ਦਾ ਕੰਮ ਪੂਰਾ ਹੋਣ 'ਤੇ ਭਾਈ ਬੰਨੋ ਜੀ ਨੂੰ ਇਸ ਦੀ ਜਿਲਦ ਬੰਨ੍ਹਾਉਣ ਲਈ ਲਾਹੌਰ ਭੇਜਿਆ ਗਿਆ। ਭਾਈ ਬੰਨੋ ਜੀ ਨੇ ਇਸ ਗ੍ਰੰਥ ਦਾ ਇਕ ਹੋਰ ਉਤਾਰਾ ਕਰਾ ਕੇ ਦੋਵਾਂ ਗ੍ਰੰਥ ਸਾਹਿਬ ਦੀਆਂ ਜਿਲਦਾ ਬੰਨ੍ਹਵਾ ਕੇ ਲਿਆਂਦੀਆਂ। ਦੂਸਰਾ ਗ੍ਰੰਥ ਭਾਈ ਬੰਨੋ ਦੀ ਬੀੜ ਕਰਕੇ ਜਾਣਿਆ ਜਾਂਦਾ ਹੈ। ਇਸ ਸਾਰੇ ਕਾਰਜ ਲਈ ਚਾਰ ਸਾਲ ਲੱਗੇ। ਸੰਨ 1604 ਈ: ਨੂੰ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਇਆ। ਬਾਬਾ ਬੁੱਢਾ ਜੀ ਇਸ ਦੇ ਪਹਿਲੇ ਗ੍ਰੰਥੀ ਥਾਪੇ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਵਿਖੇ 1708 ਈ: ਨੂੰ ਭਾਈ ਮਨੀ ਸਿੰਘ ਜੀ ਪਾਸੋਂ ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਉਚਾਰੀ ਬਾਣੀ ਰਾਗਾਂ ਮੁਤਾਬਕ ਗ੍ਰੰਥ ਸਾਹਿਬ ਵਿਖੇ ਦਰਜ ਕਰਾਈ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦੀ ਪਦਵੀ ਦੇ ਕੇ ਮੌਜੂਦਾ ਗੁਰੂ ਗ੍ਰੰਥ ਸਾਹਿਬ ਤਿਆਰ ਕਰਵਾਇਆ। ਇਸ ਵਿਚ ਗੁਰੂ ਰਵਿਦਾਸ ਜੀ ਦੇ 40 ਸ਼ਬਦ ਤੇ ਇਕ ਸਲੋਕ ਦਰਜ ਹਨ।

*—ਕਿਸ਼ਨ ਸਿੰਘ 'ਬਾਹਵਲੀ', ਹੁਸ਼ਿਆਰਪੁਰ*

* * *

# ਧਰਮ ਬਿਨਾ ਨਹੀਂ ਰਾਜ ਚਲੈ ਹੈਂ॥

ਕਿਸੇ ਵੀ ਕੌਮ ਨੂੰ ਉੱਚਾ ਚੁੱਕਣ, ਚੜ੍ਹਦੀ ਕਲਾ ਵਿਚ ਰੱਖਣ ਲਈ ਧਰਮ ਦਾ ਹੋਣਾ ਅਤਿ ਜ਼ਰੂਰੀ ਹੈ। ਸਹੀ ਧਰਮ ਇਕ ਅਜਿਹਾ ਸੰਗਠਨ ਹੈ ਜਿਹੜਾ ਮਨੁੱਖ ਨੂੰ ਬੁਰੇ ਕਰਮਾਂ ਤੋਂ ਹਟਾ ਕੇ ਸ਼ੁਭ ਕਰਮ ਕਰਨ ਦਾ ਉਪਦੇਸ਼ ਦਿੰਦਾ ਹੈ, ਜੋ ਮਨੁੱਖ ਨੂੰ ਦੁਨੀਆਂ 'ਤੇ ਆਉਣ ਦਾ ਮਨੋਰਥ ਪ੍ਰਦਾਨ ਕਰਦਾ ਹੈ। ਇਹ ਧਰਮ ਸਮਾਜ ਵਿਚ ਪੈਦਾ ਹੋ ਚੁੱਕੀਆਂ ਤੇ ਹੋ ਰਹੀਆਂ ਕੁਰੀਤੀਆਂ ਨੂੰ ਖਤਮ ਕਰਨ ਵਿਚ ਸਹਾਈ

ਹੁੰਦਾ ਹੈ। ਇਹ ਅਮੀਰੀ ਗਰੀਬੀ ਦੇ ਪਾੜੇ ਨੂੰ ਖ਼ਤਮ ਕਰਨ ਦਾ ਵਸੀਲਾ ਬਣਦਾ ਹੈ। ਇਹ ਉਸ ਕੌਮ ਨੂੰ ਸੁਰੱਖਿਅਤਾ ਵੀ ਪ੍ਰਦਾਨ ਕਰਦਾ ਹੈ। ਅੱਜ ਜਿਨ੍ਹਾਂ ਕੌਮਾਂ ਦਾ ਕੋਈ ਆਪਣਾ ਧਰਮ ਨੇਹੀਂ ਉਹਨਾਂ ਕੌਮਾਂ ਦੀ ਹੋਂਦ ਦਾ ਨਸ਼ਟ ਹੋ ਜਾਣਾ ਨਿਸ਼ਚਿਤ ਹੈ।

ਸਾਡੇ ਦਲਿਤ ਸਮਾਜ ਦੇ ਕਿਸੇ ਬੰਦੇ ਨੂੰ ਜੇਕਰ ਇਹ ਪੁੱਛੀਏ ਕਿ ਤੇਰਾ ਧਰਮ ਕਿਹੜਾ ਹੈ ਤਾਂ ਇਕ ਮਿੰਟ ਲਈ ਤਾਂ ਉਸ ਦੀਆਂ ਅੱਖੀਆਂ ਅੱਡੀਆਂ ਰਹਿ ਜਾਂਦੀਆਂ ਹਨ। ਫਿਰ ਉਹ ਜੋ ਮੂੰਹ ਆਵੇ ਬੋਲ ਦਿੰਦਾ ਹੈ। ਅੱਜ ਸਾਡਾ ਸਮਾਜ ਧਰਮ ਦੇ ਮਾਮਲੇ ਵਿਚ ਡਾਵਾਂਡੋਲ ਖੜ੍ਹਾ ਹੈ। ਕੀ ਸਾਡੀ ਵੀ ਕੋਈ ਕੌਮ ਹੈ? ਸਾਡਾ ਵੀ ਕੋਈ ਇਤਿਹਾਸ ਹੈ? ਸਾਡਾ ਵੀ ਕੋਈ ਧਰਮ ਹੈ? ਇਹ ਸਵਾਲ ਸਾਡੀ ਕੌਮ ਲਈ ਬੁਝਾਰਤ ਵਾਂਗ ਹਨ। ਇਹ ਸਾਡੀ ਕੌਮ ਵਿਚ ਹੀਣ-ਭਾਵਨਾ ਤੇ ਢਹਿੰਦੀਆਂ ਕਲਾਂ ਪੈਦਾ ਕਰਦੇ ਹਨ, ਕਿਉਂਕਿ ਅਸੀਂ ਇਕ ਵੱਖਰੇ ਧਰਮ ਦੇ ਪ੍ਰਚਾਰ ਵਿਚ ਨਿਰਾਸ਼ਾਜਨਕ ਪ੍ਰਾਪਤੀ ਕੀਤੀ ਹੈ। ਅਸੀਂ ਇਹ ਗੱਲ ਕਿਉਂ ਨਹੀਂ ਪ੍ਰਚਾਰਦੇ ਕਿ ਅਸੀਂ ਇਸ ਦੇਸ਼ ਦੇ ਆਦਿ ਵਾਸੀ ਹਾਂ। ਸਾਡਾ ਧਰਮ ਆਦਿ ਧਰਮ ਹੈ। ਇਸ ਅਗਿਆਨਤਾ ਦੇ ਹਨ੍ਹੇਰੇ ਕਾਰਨ ਹੀ ਅਸੀਂ ਆਪਣੇ ਆਦਿ ਧਰਮ, ਆਪਣੇ ਇਤਿਹਾਸ ਤੇ ਆਪਣੇ ਰਹਿਬਰਾਂ ਨੂੰ ਭੁੱਲੀ ਬੈਠੇ ਹਾਂ ਅਤੇ ਦੂਸਰਿਆਂ ਦੇ ਧਰਮਾਂ ਵਿਚ ਜਾ ਕੇ ਉਹਨਾਂ ਦੇ ਪਿੱਛਲੱਗੂ ਬਣੀ ਬੈਠੇ ਹਾਂ। ਇਸੇ ਕਰਕੇ ਸਾਡੀ ਤਰੱਕੀ ਦੇ ਰਸਤੇ ਬੰਦ ਪਏ ਹਨ। ਆਪਣੇ ਰਹਿਬਰਾਂ ਦੇ ਸਿਰਜੇ ਗੌਰਵਮਈ ਇਤਿਹਾਸ ਦੇ ਖ਼ਜ਼ਾਨੇ, ਡਾ. ਅੰਬੇਡਕਰ ਦੀਆਂ ਬਖ਼ਸ਼ੀਆਂ ਸਹੂਲਤਾਂ ਤੇ ਅਤਿਅੰਤ ਗਿਣਤੀ ਵਿਚ ਹੋਣ ਦੇ ਬਾਵਜੂਦ ਵੀ ਆਪਣਾ ਰਾਜ ਨਹੀ ਲਿਆ ਸਕੇ।

ਇਸ ਦਾ ਮੁੱਖ ਕਾਰਨ ਇਹੀ ਹੈ ਕਿ ਅਸੀਂ ਆਪਣੇ ਧਰਮ ਤੋਂ ਬੇਮੁੱਖ ਹੋਈ ਬੈਠੇ ਹਾਂ। ਗੁਰੂ ਗੋਬਿੰਦ ਸਿੰਘ ਜੀ ਦੇ ਕਥਨ ਬਿਲਕੁਲ ਸੱਚ ਹਨ :

**ਧਰਮ ਬਿਨਾ ਨਹੀ ਰਾਜ ਚਲੈ ਹੈਂ॥**
**ਰਾਜ ਬਿਨਾ ਸਭ ਦਲੈ ਮਲੈ ਹੈਂ॥**

ਧਰਮਹੀਣ ਹੋਣ ਕਰਕੇ ਹੀ ਅਸੀਂ ਦਲੇ ਮਲੇ ਹਾਂ। ਸੋ ਜੇਕਰ ਅਸੀਂ ਆਪਣੇ ਰਹਿਬਰਾਂ ਦੇ ਸੱਚੇ ਪੈਰੋਕਾਰ ਹਾਂ, ਆਪਣੇ ਸਮਾਜ ਨੂੰ ਉੱਚਾ ਦੇਖਣਾ ਚਾਹੁੰਦੇ ਹਾਂ ਤਾਂ ਆਓ ਆਪਾਂ ਆਦਿ ਧਰਮ ਨੂੰ ਅਪਣਾਈਏ। ਡਿੱਗਦੇ ਸਮਾਜ ਨੂੰ ਆਦਿ ਧਰਮ ਨਾਲ ਖੜ੍ਹੇ ਕਰਕੇ ਇਕ ਅਣਖੀਲੀ ਕੌਮ ਨੂੰ ਜਾਗ੍ਰਿਤ ਕਰੀਏ ਤੇ ਇਕ ਲੜੀ ਵਿਚ ਪਰੋ ਕੇ ਆਪਣੇ ਰਹਿਬਰਾਂ ਦੇ ਸੁਪਨਿਆਂ ਨੂੰ ਸਾਕਾਰ ਕਰੀਏ। ਅਸੀਂ ਸਭ ਕੁਝ ਕਰ ਸਕਣ ਦੇ ਸਮਰੱਥ ਹਾਂ ਕਿਉਂਕਿ :

**ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ।**
**ਸਦੀਓਂ ਰਹਾ ਯੇ ਦੁਸ਼ਮਨ ਫਿਰਕੂ ਸਮਾਜ ਹਮਾਰਾਂ।**

*—ਰੇਸ਼ਮ ਲਾਲ 'ਚੁੰਬਰ'*
*ਮੀਰਪੁਰ ਜੱਟਾਂ, ਨਵਾਂ ਸ਼ਹਿਰ।*

* * *

# ਗੁਰੂ ਜੀ ਵਲੋਂ ਜਾਤੀਵਾਦ 'ਤੇ ਚੋਟ

ਪਾਪ, ਜ਼ੁਲਮ ਅਤੇ ਜ਼ਿਆਦਤੀ ਨਾਲ ਲੱਦੀ ਹੋਈ ਧਰਤੀ ਮਾਂ ਨੇ ਉਸ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਮੈਨੂੰ ਇਕ ਮਹਾਂਪੁਰਸ਼ ਦੀ ਲੋੜ ਹੈ, ਨਹੀਂ ਤਾਂ ਮੈਂ ਗਰਕ ਜਾਵਾਂਗੀ। ਤਦ ਕਰੋੜਾਂ ਦੁਖੀਆਂ ਦੇ ਦਿਲ ਦੀ ਆਸ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਕਾਂਸ਼ੀ ਬਨਾਰਸ ਸੀਰ ਗੋਵਰਧਨਪੁਰ ਵਿਖੇ ਮਾਤਾ ਕਲਸਾਂ ਦੀ ਕੁਖੋਂ ਪਿਤਾ ਸੰਤੋਖ ਦਾਸ ਜੀ ਦੇ ਘਰ ਪੈਦਾ ਹੋਏ। ਉਸ ਸਮੇਂ ਸਾਰੇ ਬ੍ਰਹਿਮੰਡ ਵਿਚ ਬੇਇਨਸਾਫ਼ੀ ਦੇ ਬੱਦਲ ਬਰਸ ਰਹੇ ਸਨ। ਸਮਾਜ ਵਿਚ ਜਾਤੀਵਾਦ ਅਤੇ ਪਾਖੰਡਵਾਦ ਭਾਰੀ ਸੀ। ਗੁਰੂ ਜੀ ਸ਼ੂਦਰ ਸਮਝੀ ਜਾਣ ਵਾਲੀ ਚਮਾਰ ਜਾਤੀ ਵਿਚ ਪੈਦਾ ਹੋਏ। ਗੁਰੂ ਜੀ ਦੇ ਜਨਮ ਸਮੇਂ

ਜਾਤੀ ਨਫਰਤ ਕਾਫੀ ਫੈਲੀ ਹੋਈ ਸੀ। ਗੁਰੂ ਜੀ ਨੇ ਜਾਤੀਵਾਦ 'ਤੇ ਚੋਟ ਕਰਨ ਤੇ ਆਪਣੇ ਸਮਾਜ ਨੂੰ ਇਸ ਹੀਣ ਭਾਵਨਾ ਤੋਂ ਬਾਹਰ ਕੱਢਣ ਲਈ ਕਈ ਥਾਂ ਆਪਣੀ ਨੀਚ ਸਮਝੀ ਜਾਣ ਵਾਲੀ ਜਾਤੀ ਦਾ ਉਲੇਖ ਬੜੇ ਫਖਰ ਨਾਲ ਕੀਤਾ ਹੈ, ਜਿਵੇਂ :—

**ਜੈਸਾ ਰੰਗ ਕਸੁੰਭ ਕਾ, ਤੈਸਾ ਇਹ ਸੰਸਾਰੁ॥**
**ਮੇਰੇ ਰਮਈਏ ਰੰਗੁ ਮਜੀਠੁ ਕਾ, ਕਹੁ ਰਵਿਦਾਸ ਚਮਾਰ॥**

ਇਥੇ ਸ੍ਰੀ ਗੁਰੂ ਰਵਿਦਾਸ ਜੀ ਉਸ ਰਾਮ ਦੀ ਗੱਲ ਕਰਦੇ ਹਨ ਜਿਸ ਦੇ ਨਾਲ ਬੈਠਿਆਂ ਅਖੌਤੀ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ, ਸਭ ਬਰਾਬਰ ਹਨ। ਗੁਰੂ ਜੀ ਦਾ ਇਹ ਰਮਈਆ ਜਾਂ ਰੱਬ ਕੋਈ ਮਨੋਰਥ ਨਹੀਂ, ਨਿਸ਼ਾਨਾ ਜਾਂ ਮਕਸਦ ਨਹੀਂ। ਰੱਬ ਇਕ ਮਾਰਗ ਹੈ, ਮਨੁੱਖਤਾ ਨੂੰ ਸੁਖਚੈਨ ਨਾਲ ਭਰੀ, ਗਮ ਰਹਿਤ ਜ਼ਿੰਦਗੀ ਪ੍ਰਦਾਨ ਕਰਨ ਦਾ। ਪ੍ਰੇਮ, ਭਾਈਚਾਰਾ ਅਤੇ ਬਰਾਬਰੀ ਸਿਰਜਣ ਦਾ। ਜਿਸਨੂੰ ਅਸੀਂ ਪ੍ਰਮਾਰਥ ਕਹਿੰਦੇ ਹਾਂ। ਉਹ ਪ੍ਰਮਾਰਥ ਬਾਣੀ ਵਿਚ ਸਿਰਜੇ ਰੱਬ ਦੇ ਉਪਕਾਰੀ ਗੁਣਾਂ ਅਤੇ ਉਦੇਸ਼ਾਂ ਵਿਚ ਭਰਿਆ ਹੋਇਆ ਹੈ ਕਿਵੇਂ ਨਰਕ ਸੁਰਗ ਦੇ ਭੈਅ ਪੂਰਨ ਖਿਆਲ ਤੋਂ ਮੁਕਤ ਹੋ ਕੇ ਸੱਚਖੰਡ ਵਿਚ ਪ੍ਰਵੇਸ਼ ਕਰਦਿਆਂ ਇਕ ਸ਼ਾਨਦਾਰ ਸਮਾਜ, ਬੇਗਮਪੁਰਾ ਸ਼ਹਿਰ (Tention Free) ਸਥਾਪਨਾ ਕਰਨਾ ਹੈ। ਸਾਡੀ ਮਨਸ਼ਾ ਇਹ ਹੈ ਕਿ ਉਹ ਏਕਮਕਾਰ, ਹਰੀ, ਅਕਾਲਪੁਰਖ ਪ੍ਰਭੂ ਦੀਆਂ ਹਕੀਕਤਾਂ ਨੂੰ ਇਕ ਵਾਰ ਫੇਰ ਸਮਝਿਆ ਜਾਵੇ। ਮੇਰਾ ਨਿਰਣਾ ਹੈ ਕਿ ਪਾਠ ਪੂਜਾ ਤੇ ਨਾਮ ਸਿਮਰਨ ਦਾ ਸਾਰਾ ਅਡੰਬਰ, ਅਗਲੇ ਜਨਮ ਦੀ ਕਲਪਨਾ ਅਤੇ ਧਾਰਮਿਕ ਵਿਚੋਲਗੀ ਨੇ ਹੀ ਅਸਲ ਵਿਚ ਸ਼ਕਤੀਸ਼ਾਲੀ ਈਸ਼ਵਰ ਨੂੰ ਹਰੀ, ਓਮ, ਭਗਵਾਨ, ਪ੍ਰਮਾਤਮਾ ਮੂਹਰੇ ਨਿਗੂਣੇ ਕਰ ਦਿੱਤਾ ਹੈ। ਨਿਹੱਥੇ ਤੇ ਨਿੱਸਲ ਕਰ ਦਿੱਤਾ ਹੈ।

ਅਸੀਂ ਗੁਰੂ ਰਵਿਦਾਸ ਜੀ ਨੂੰ ਪੱਥਰ ਤਾਰਨ ਤੱਕ ਹੀ ਸੀਮਿਤ ਰੱਖਿਆ ਹੋਇਆ ਹੈ ਕਿ ਗੁਰੂ ਜੀ ਨੇ ਗੰਗਾ ਵਿਚ ਪੱਥਰ ਤਾਰੇ ਸਨ। ਗੁਰੂ ਜੀ ਨੇ ਪੱਥਰ ਰੂਪੀ ਇਨਸਾਨਾਂ ਨੂੰ ਤਾਰਿਆ। ਜਿਨ੍ਹਾਂ ਤੇ ਚੜ੍ਹਦੀ ਲਹਿੰਦੀ ਦਾ ਕੋਈ ਫ਼ਰਕ ਨਹੀਂ ਸੀ ਪੈਂਦਾ। ਗੁਰੂ ਜੀ ਨੂੰ ਅਸੀਂ ਇਕ ਜਾਤ ਚਮਾਰ ਤੱਕ ਹੀ ਸੀਮਿਤ ਕਰ ਲਿਆ ਹੈ। ਗੁਰੂ ਜੀ ਦਾ ਸੰਦੇਸ਼ ਇਕ ਜਾਤ ਲਈ ਨਹੀਂ ਪੂਰੀ ਮਨੁੱਖਤਾ ਲਈ ਹੈ :

**ਮਾਥੈ ਤਿਲਕ ਹਾਥ ਜਪ ਮਾਲਾ ਜਗ ਠਗਨੇ ਨੂੰ ਸ੍ਵਾਂਗ ਬਨਾਇਆ।**
**ਮਾਰਗ ਛਾਡਿ ਕੁਮਾਰਗ ਡਹਿਕੈ ਸਾਚੀ ਪ੍ਰੀਤ ਬਿਨ ਰਾਮ ਨ ਪਾਯਾ॥**

ਉਹ ਧਰਮ ਜੋ ਭੇਖ ਨਾਲ ਤੁਰਿਆ ਹੈ। ਸਵਾਸਾਂ ਵਿਚ ਗਰੱਸਿਆ ਹੈ। ਜਿਸਦੇ ਮੱਥੇ 'ਤੇ ਤਿਲਕ ਹੈ, ਹੱਥ ਵਿਚ ਮਾਲਾ ਹੈ, ਅਸਲ ਵਿਚ ਇਹ ਸੰਸਾਰ ਨਾਲ ਠੱਗੀਆਂ ਕਰਨ ਦਾ ਤੌਰ ਤਰੀਕਾ ਹੈ। ਇਹ ਸਹੀ ਮਾਰਗ ਨਹੀਂ ਹੈ। ਕੁਮਾਰਗ ਹੈ। ਮਨੁੱਖਾਂ ਨੂੰ ਪੁੱਠੇ ਗੇੜ ਵਿਚ ਪਾ ਕੇ ਲੁੱਟਣ ਵਾਲਾ, ਕਿਉਂਕਿ ਇਸ ਵਿਚ ਮਨੁੱਖ ਪ੍ਰਤੀ ਮੋਹ ਨਹੀਂ, ਬਿਪਰੀਤ ਭਰੀ ਹੋਈ ਹੈ। ਘ੍ਰਿਣਾ ਭਰੀ ਹੋਈ ਹੈ। ਸਾੜਾ, ਈਰਖਾ ਤੇ ਹੰਕਾਰ ਭਰੇ ਹੋਏ ਹਨ। ਇਹ ਮਨੁੱਖਾਂ ਨੂੰ ਇਕ ਸਾਂਝੇ ਮਾਰਗ 'ਤੇ ਤੋਰਨ ਦੀ ਥਾਂ ਚਾਰ ਅਜਿਹੇ ਰਾਹਾਂ 'ਤੇ ਲੈ ਜਾਂਦਾ ਹੈ, ਜਿਥੇ ਦੂਜੇ ਮਾਰਗ ਦੀ ਕੋਈ ਪਗਡੰਡੀ ਵੀ ਆ ਕੇ ਨਹੀਂ ਮਿਲਦੀ। ਚਾਰੇ ਮਾਰਗਾਂ ਦੀ ਹਵਾ ਵੀ ਜੇ ਸਾਂਝੀ ਹੋ ਜਾਵੇ ਤਾਂ ਪਾਪ ਬਣ ਜਾਂਦੀ ਹੈ। ਨਵੇਂ ਬਖੇੜੇ ਖੜੇ ਹੋ ਜਾਂਦੇ ਹਨ। ਮਨੁੱਖ ਜਨਮ ਤੋਂ ਮਰਨ ਤੱਕ ਜਾਤ ਦਾ ਧਰਮ ਕਰਮ ਨਿਭਾਉਂਦਾ ਹੈ ਅਤੇ ਇਸੇ ਵਿਚੋਂ ਆਪਣੇ ਭਗਵਾਨ ਦੀ ਤਲਾਸ਼ ਕਰਦਾ ਹੈ। ਗੁਰੂ ਰਵਿਦਾਸ ਜੀ ਇਕ ਕਿਰਤੀ ਮਨੁੱਖ ਦੀ ਉਪਮਾ ਨੂੰ ਬਹੁਤ ਵਡਿਆਉਂਦੇ ਹਨ। ਉਹ ਜਾਣਦੇ ਹਨ ਕਿ ਇਹ ਕਾਮਗਰ ਕਿਰਤੀ ਵਰਗ ਹੀ ਹੈ, ਜਿਸ ਦੀ ਕੀਤੀ ਕਮਾਈ ਦਾ ਫਲ ਖਾ ਕੇ ਕਾਬਜ਼ ਹੋ ਗਏ ਲੋਕ ਉਹਨਾਂ ਨੂੰ ਦਬਾ ਕੇ ਤੇ ਕੁਚਲ ਕੇ ਰੱਖਦੇ ਹਨ ਅਤੇ ਅਜਿਹੇ ਲੋਕਾਂ ਦੀ ਨਿਸ਼ਾਨਦੇਹੀ ਕਰਦਿਆਂ ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ :

**ਧਰਮ ਕਰਮ ਜਾਨੈ ਨਹੀਂ ਮਨ ਮਹਿ ਜਾਤਿ ਅਭਿਮਾਨ॥**
**ਐਸਉ ਬਾਹਮਨ ਸੋ ਭਲੇ ਰਵਿਦਾਸ ਸ੍ਰਮਕ ਸੂ ਜਾਨ॥**

ਗੁਰੂ ਜੀ ਦਾ ਵਿਚਾਰ ਹੈ ਕਿ ਜਿਸ ਮਨੁੱਖ ਅੰਦਰ ਜਾਤ ਦਾ ਹੰਕਾਰ ਵਸਿਆ ਹੋਇਆ ਹੈ ਜੋ ਆਪਣੇ ਆਪ ਨੂੰ ਉੱਚਾ ਅਤੇ ਦੂਜਿਆਂ ਨੂੰ ਨੀਵਾਂ ਸਮਝਦਾ ਹੈ, ਜੋ ਆਪਣੇ ਜਾਤੀ ਹੰਕਾਰ ਨੂੰ ਕਦੀ

ਵੀ ਨੀਵਾਂ ਨਹੀਂ ਹੋਣ ਦਿੰਦੇ ਪਰੰਤੂ ਸਾਰੀ ਉਮਰ ਧਰਮ ਕਰਮ ਕਰਦੇ ਬਿਤਾਉਂਦੇ ਹਨ। ਉਹ ਨਹੀਂ ਜਾਣਦੇ ਕਿ ਧਰਮ ਕਰਮ ਕੀ ਹੈ। ਵਰਨ ਜਾਤ ਤੇ ਊਚ-ਨੀਚ ਨੂੰ ਮੰਨਣ ਵਾਲੇ ਅਤੇ ਉਸੇ ਅਨੁਸਾਰ ਅਮਲ ਕਰਨ ਵਾਲੇ ਨਹੀਂ ਜਾਣ ਸਕਦੇ ਕਿ ਇਹ ਤਾਂ ਅਧਰਮ ਹੈ। ਈਸ਼ਵਰ ਦੇ ਵਿਰੋਧ ਵਿਚ ਸਿਰਜਿਆ ਅਣਮਨੁੱਖੀ ਵਰਤਾਰਾ। ਜੋ ਮਨੁੱਖਾਂ ਵਿਚ ਨਫ਼ਰਤ ਅਤੇ ਘ੍ਰਿਣਾ ਦੇ ਬੀਜ ਜਨਮ ਤੋਂ ਮਰਨ ਤੱਕ ਬੀਜਦਾ ਹੈ। ਮਰਨ ਵੇਲੇ ਵੀ ਬੰਦੇ ਦੀ ਜਾਤ ਖਤਮ ਨਹੀਂ ਹੁੰਦੀ। ਇਹ ਧਰਮ ਨਹੀਂ ਤੇ ਉਹ ਲੋਕ ਜੋ ਅਜਿਹੇ ਧਰਮ ਕਰਮ ਕਰਦੇ ਹਨ, ਜੋ ਬੰਦੇ ਨੂੰ ਬੰਦਾ ਮੰਨਣ ਤੋਂ ਇਨਕਾਰੀ ਹਨ, ਅਜਿਹੇ ਉੱਚੀ ਕੁਲ ਕਹਾਉਂਦੇ ਬ੍ਰਾਹਮਣਾਂ ਨਾਲੋਂ ਤਾਂ ਇਕ ਕਿਰਤੀ ਮਨੁੱਖ ਹਜ਼ਾਰ ਦਰਜੇ ਚੰਗਾ ਹੈ, ਜੋ ਮਿਹਨਤ ਕਰਕੇ ਕੁਝ ਪੈਦਾ ਕਰਦਾ ਹੈ ਤੇ ਉਸ ਨਾਲ ਆਪਣਾ ਅਤੇ ਆਪਣੇ ਵਰਗੇ ਲੋਕਾਂ ਦਾ ਜੀਵਨ ਸੌਖਾ ਕਰਦਾ ਹੈ। ਇਥੇ ਹਰ ਜਾਤ ਦੇ ਵੱਖਰੇ-ਵੱਖਰੇ ਗੁਰਦੁਆਰੇ ਹਨ। ਇਥੇ ਪ੍ਰਸ਼ਨ ਵੱਖਰੇ ਗੁਰਦੁਆਰਿਆਂ ਦਾ ਨਹੀਂ। ਪ੍ਰਸ਼ਨ ਜਾਤੀ ਵਿਤਕਰਿਆਂ ਦੀ ਫੈਲੀ ਹੋਈ ਬਦਬੂ ਦਾ ਹੈ, ਜਿਸ ਨੇ ਮਨੁੱਖ ਨੂੰ ਸਾਂਝੇ ਧਰਮ ਦੇ ਬਾਵਜੂਦ ਵੀ ਤੋੜ ਕੇ ਰੱਖਿਆ ਹੈ। ਜਿਸ ਬਾਰੇ ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ :

**ਜਾਤ ਜਾਤ ਮਹਿ ਜਾਤ ਹੈ ਜਿਉ ਕੇਲਨ ਮੇ ਪਾਤ।**

**ਰਵਿਦਾਸ ਨਾ ਮਾਨੁਸ਼ ਜੁੜ ਸਕੇ ਜਬ ਲਗ ਜਾਤ ਨਾ ਜਾਤ॥**

ਭਾਵ ਜਾਤ ਕੇਲਿਆਂ ਦੇ ਪੱਤਿਆਂ ਵਾਂਗ ਹੇਠ ਉੱਤੇ ਚੜ੍ਹੀ ਹੋਈ ਹੈ ਜੋ ਦੇਖਣ ਨੂੰ ਇਕ ਲੱਗਦੀ ਹੈ, ਪਰ ਉਸ ਵਿਚ ਤਹਿਆਂ ਹਨ ਜੋ ਬਿਲਕੁਲ ਅਲੱਗ ਹਨ। ਜਦੋਂ ਤੱਕ ਜਾਤ ਨਹੀਂ ਜਾਂਦੀ, ਮੁਕਦੀ ਨਹੀਂ, ਮਰਦੀ ਨਹੀਂ ਤਦ ਤੱਕ ਮਨੁੱਖ ਜੁੜ ਨਹੀਂ ਸਕਦਾ। ਗੁਰੂ ਜੀ ਮਨੂੰਵਾਦ ਵਲੋਂ ਸਿਰਜੇ ਚਾਰ ਵਰਣਾਂ ਤੇ ਚੋਟ ਕਰਦੇ ਕਹਿੰਦੇ ਹਨ ਕਿ

**ਰਵਿਦਾਸ ਏਕੋ ਬ੍ਰਹਮ ਕਾ ਹੋਇ ਰਹਿਉ ਸਗਲ ਪਸਾਰ॥**

**ਏਕੋ ਮਾਟੀ ਸਭ ਘਟ ਸਿਰਜੈ ਸਭ ਤੂੰ ਸਿਰਜਨ ਹਾਰ॥**

ਭਾਵ ਕੋਈ ਮਨੁੱਖ ਹਿੰਦੂ, ਤੁਰਕ, ਅੰਗਰੇਜ਼, ਨੀਗਰੋ, ਰੂਸੀ ਚੀਨੀ, ਜਪਾਨੀ, ਨਿਪਾਲੀ, ਮੁਸਲਮਾਨ, ਸਿੱਖ, ਇਸਾਈ, ਪਾਰਸੀ, ਬੋਧੀ, ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ, ਯਹੂਦੀ, ਅਰਬੀ ਕਹੇ ਜਾਣ ਵਾਲੇ ਮਨੁੱਖਾਂ ਵਿਚਕਾਰ ਮੂਲ ਭੇਦ ਸਾਬਤ ਕਰ ਸਕਦਾ ਹੈ। ਸਿਵਾਏ ਸਕਲ ਆਕਾਰ ਭੇਦ ਤੋਂ ਜੋ ਭੂਗੋਲਿਕ ਸਥਿਤੀਆਂ ਦੀ ਉਪਜ ਹੈ ਜਾਂ ਜੀਵਨ ਸਹੂਲਤਾਂ ਦੁਆਰਾ ਪ੍ਰਭਾਵਤ ਹੈ। ਕੀ ਕਿਸੇ ਮਨੁੱਖ ਦੀ ਮਿੱਟੀ, ਹਵਾ, ਪਾਣੀ ਅਤੇ ਅੱਗ ਵਿਚ ਭੇਦ ਕੀਤਾ ਜਾ ਸਕਦਾ ਹੈ? ਕੀ ਬ੍ਰਹਿਮੰਡ ਹੀ ਹਰ ਸ਼ੈਅ ਦਾ ਸਿਰਜਕ ਨਹੀਂ? ਕੀ ਹਰ ਸ਼ੈਅ ਬ੍ਰਹਿਮੰਡ ਵਿਚ ਅਭੇਦ ਨਹੀਂ ਹੁੰਦੀ? ਕੀ ਹਰ ਵਸਤੂ ਬ੍ਰਹਿਮੰਡ ਦਾ ਹੀ ਅੰਗ ਨਹੀਂ? ਕੀ ਬ੍ਰਹਿਮੰਡ ਆਕਾਰ ਬਦਲ ਕੇ ਸਿਰਜਣਾ ਅਤੇ ਵਿਨਾਸ਼ ਬਾਹਰੀ ਸ਼ਕਤੀ ਹੈ? ਗੁਰੂ ਰਵਿਦਾਸ ਜੀ ਦਾ ਇਹ ਵਿਚਾਰ ਆਦਿ ਜੁਗਾਦੀ ਸੱਚ ਹੈ। ਪ੍ਰਾਣ, ਲਹੂ, ਮਾਸ, ਮਿੱਟੀ ਸਭ ਕੁਝ ਮਨੁੱਖਾਂ ਤੇ ਜੀਵਾਂ ਵਿਚ ਸਾਂਝਾ ਹੈ। ਇਸ ਲਈ ਗੁਰੂ ਜੀ ਨੇ ਕਿਹਾ ਕਿ "ਮੂਰਖ ਹੈ ਜੋ ਕਰਤ ਹੈ, ਬਰਨ ਅਬਰਨ ਵੀਚਾਰ।"

ਮੇਰਾ ਇਹੀ ਦਾਅਵਾ ਹੈ ਕਿ ਗੁਰੂ ਰਵਿਦਾਸ ਜੀ ਕਿਸੇ ਇਕ ਜਾਤੀ ਦੇ ਮਹਾਂਪੁਰਖ ਨਹੀਂ ਸਗੋਂ ਦਲਿਤ ਦੁਖੀ, ਪੀੜਿਤ, ਗੁਲਾਮ, ਅਪਮਾਨਤ, ਬੇਇੱਜ਼ਤ, ਲੁੱਟੇ-ਪੁੱਟੇ, ਸਭ ਲੋਕਾਂ ਦੇ ਰਹਿਨੁਮਾ ਹਨ। ਉਹਨਾਂ ਨੂੰ ਚਮਾਰ ਜਾਤੀ ਨਾਲ ਬੰਨ੍ਹਣਾ, ਧੋਖਾ ਖਾਣਾ ਹੈ ਅਤੇ ਕ੍ਰਾਂਤੀ ਨੂੰ ਖੁੰਡਾ ਕਰਨਾ ਹੈ। ਸਵਾਲ ਪੂਜਾ ਕਰਨ ਦਾ ਨਹੀਂ ਹੈ। ਸਮਾਜਕ ਪਰਿਵਰਤਨ ਕਰਨ ਦਾ ਹੈ। ਜਾਤ-ਪਾਤ ਦਾ ਬੀਜ ਨਾਸ ਕਰਨ ਦਾ ਹੈ। ਗੁਰੂ ਰਵਿਦਾਸ ਜੀ ਇਸ ਮੰਤਵ ਨੂੰ ਪ੍ਰਨਾਏ ਜ਼ਿੰਦਗੀ ਭਰ ਲੜਦੇ ਰਹੇ ਅਤੇ ਮਨੁੱਖੀ ਸਮਾਨਤਾ ਲਈ ਹਜ਼ਾਰਾਂ ਮੀਲ ਤੱਕ ਜਾ ਕੇ ਸਮਾਜ ਨੂੰ ਜਗਾਉਂਦੇ ਰਹੇ। ਸਾਡੇ ਲਈ ਸੋਚਣ ਸਮਝਣ ਅਤੇ ਮੰਨਣ ਵਾਲੀ ਗੱਲ ਇਹ ਹੈ ਕਿ ਗੁਰੂ ਰਵਿਦਾਸ ਜੀ ਚਮਾਰ ਜਾਤੀ ਵਿਚ ਜ਼ਰੂਰ ਪੈਦਾ ਹੋਏ, ਉਹਨਾਂ ਚਮਾਰ ਹੋਣ ਦਾ ਉਹੀ ਸੰਤਾਪ ਝੱਲਿਆ ਜੋ ਨੀਚ ਜਾਤੀਆਂ ਦੇ ਲੋਕ ਝੱਲਦੇ ਹਨ ਪਰੰਤੂ ਉਹ ਇਸ ਲਈ ਉੱਤਮ ਪੁਰਖ ਹਨ ਕਿਉਂਕਿ ਉਹਨਾਂ ਨੇ ਜਾਤੀ ਪ੍ਰਬੰਧ ਅਤੇ ਇਸ ਨੂੰ ਚਲਾਉਣ ਵਾਲਿਆਂ ਦੇ ਵਿਰੁੱਧ ਜ਼ਿੰਦਗੀ ਭਰ ਜੰਗ ਲੜੀ। ਨਿਮਨ ਜਾਤੀਆਂ ਨੂੰ ਹੀ ਨਹੀਂ ਉਤਲੀਆਂ ਜਾਤੀਆਂ ਨੂੰ ਵੀ ਜਾਤਪਾਤ ਦੇ ਪ੍ਰਬੰਧ ਨੂੰ ਢਾਹੁਣ ਲਈ ਜਗਾਇਆ ਅਤੇ ਥਾਂ-ਥਾਂ ਜਾ ਕੇ ਇਹ ਪ੍ਰਚਾਰਿਆ ਕਿ ਸਾਰੇ ਇਕ ਸਮਾਨ ਹਨ।

ਕੋਈ ਊਚ-ਨੀਚ ਨਹੀਂ ਹੈ। ਕਿਸੇ ਦੀ ਇਸ ਲਈ ਪੂਜਾ ਨਾ ਕਰੋ ਕਿ ਉਹ ਬ੍ਰਾਹਮਣ ਹੈ, ਸਗੋਂ ਇਸ ਲਈ ਕਦਰ ਕਰੋ ਕਿ ਕੋਈ ਗੁਣਵਾਨ ਹੈ, ਮਨੁੱਖੀ ਸਮਾਨਤਾ ਨੂੰ ਪਿਆਰ ਕਰਦਾ ਹੈ। ਜਾਤ ਪਾਤ ਤੋਂ ਮੁਕਤ ਹੈ। ਬ੍ਰਾਹਮਣ ਦੀ ਥਾਂ ਗੁਣਵਾਨ ਹੋਣਾ ਜ਼ਰੂਰੀ ਹੈ। ਕਿਸੇ ਦਾ ਦਾਸ ਹੋਣਾ ਪਾਪ ਹੈ। ਦਾਸਤਾ ਹੀ ਪਾਪ ਹੈ। ਦਾਸਾਂ ਨੂੰ ਕੋਈ ਪਿਆਰ ਨਹੀਂ ਕਰਦਾ, ਨੀਵੀਂ ਜਾਤ ਦੇ ਲੋਕ ਦਾਸ ਹਨ। ਇਹਨਾਂ ਨੂੰ ਆਪਸੀ ਪਿਆਰ ਅਤੇ ਭਾਈਚਾਰਾ ਬਣਾ ਕੇ, ਦਾਸ ਜ਼ਿੰਦਗੀ ਤੋਂ ਮੁਕਤ ਹੋਣਾ ਚਾਹੀਦਾ ਹੈ ਕਿਉਂਕਿ ਏਕਮਕਾਰ ਪ੍ਰਭੂ ਦੀ ਇਹੀ ਇੱਛਾ ਹੈ, ਜਿਨ੍ਹਾਂ ਨੇ ਊਚ-ਨੀਚ, ਜਾਤ-ਪਾਤ, ਛੂਤਛਾਤ ਪੈਦਾ ਕੀਤੀ ਹੈ। ਉਹ ਇਸ ਪ੍ਰਭੂ ਦੇ ਦੋਖੀ ਲੋਕ ਹਨ।

ਗੁਰੂ ਜੀ ਅੱਗੇ ਚਾਰ ਵਰਨਾਂ ਬਾਰੇ ਕਹਿੰਦੇ ਹਨ ਕਿ :

**ਬ੍ਰਾਮਨ ਖੱਤਰੀ ਵੈਸ ਸੂਦ ਰਵਿਦਾਸ ਜਨਮ ਤੇ ਨਾਹਿ।**
**ਜੋ ਚਾਹਿ ਸੁਬਰਨ ਕਉ ਪਾਵ ਹੀ ਕਰਮਨ ਮਾਹਿ॥**

ਭਾਵ ਕਿ ਗੱਲ ਤਾਂ ਕਰਮ ਕਰਨ ਦੀ ਹੈ। ਗੱਲ ਚੰਗੇ ਮਾੜੇ ਕੰਮ ਦੀ ਹੈ। ਗੱਲ ਗੁਣਾਂ ਤੇ ਔਗੁਣਾਂ ਦੀ ਹੈ। ਗੱਲ ਮਨ ਦੀ ਪਵਿੱਤਰਤਾ ਅਤੇ ਅਪਵਿੱਤਰਤਾ ਦੀ ਹੈ। ਗੱਲ ਵਿਸ਼ਵਾਸ ਅਤੇ ਅੰਧ-ਵਿਸ਼ਵਾਸ ਦੀ ਹੈ। ਗੁਰੂ ਜੀ ਕਹਿੰਦੇ ਹਨ ਕਿ ਜੇ ਕਿਸੇ ਨੇ ਸਵਰਨ ਬਣਨਾ ਹੈ ਤਾਂ ਸ਼ੁਭ ਕਰਮ ਹੀ ਕਰਨੇ ਹੋਣਗੇ। ਜਾਤ ਜਨਮ ਨਾਲ ਕੋਈ ਬ੍ਰਾਹਮਣ, ਖੱਤਰੀ, ਵੈਸ ਜਾਂ ਸ਼ੂਦਰ ਪੈਦਾ ਨਹੀਂ ਹੁੰਦਾ, ਇਸ ਤਰ੍ਹਾਂ ਦੇ ਜਾਤ ਵਰਨ ਦਾ ਨਾਸ਼ ਕਰਨਾ ਲਾਜ਼ਮੀ ਹੈ। ਗੁਰੂ ਜੀ ਦਾ ਇਹ ਨਾਮ, ਇਹ ਮਾਰਗ ਦਰਸ਼ਨ, ਇਹ ਗਿਆਨ, ਇਹ ਅਨੁਭਵ ਤਾਂ ਬਗਾਵਤ ਹੈ, ਵਰਨ ਜਾਤ ਦੇ ਸਮੁੱਚੇ ਅਡੰਬਰ ਵਿਰੁੱਧ।

**ਰਵਿਦਾਸ ਜੋ ਹੈ ਬੇਗਮਪੁਰਾ ਉਹ ਪੂਰਨ ਸੁਖ ਧਾਮ।**
**ਦੁਖ ਅੰਦਹੋ ਅਹ ਦ੍ਵੈਸ਼ ਭਾਵ ਨਹਿ ਵਸਹਿ ਤਿਹਰਾਮ॥**

ਭਾਵ ਹੈ ਕਿ ਸੁਆਲ ਹੈ ਜਾਤਪਾਤ ਨੂੰ ਢਾਹ ਕੇ ਬੇਗਮਪੁਰਾ ਸਥਾਪਤ ਕਰਨ ਦਾ। ਜੇ ਸੰਕਲਪ ਹੀ ਮਨ ਵਿਚ ਨਹੀਂ ਹੈ ਤਾਂ ਬਾਣੀ ਦਾ ਨਾਮ ਜਪਣਾ ਤਾਂ ਵਿਅਰਥ ਰਹਿ ਜਾਂਦਾ ਹੈ। ਕਿਉਂਕਿ ਬਾਣੀ ਦੇ ਨਾਮ ਦਾ ਸੰਕਲਪ ਹੈ, ਇਕੋ ਇਕ ਏਕਮਕਾਰ ਪ੍ਰੀਤਮ ਦਾ ਵਿਸ਼ਵਾਸ, ਇਕ ਸਮਾਨ ਮਨੁੱਖਤਾ, ਸਭ ਨੂੰ ਬਰਾਬਰ ਜੀਵਨ, ਅਹਾਰ ਅਤੇ ਸਭ ਨੂੰ ਬਰਾਬਰ ਦਾ ਇੱਜ਼ਤ ਮਾਣ। ਊਚ-ਨੀਚ ਦਾ ਫੈਸਲਾ ਗੁਣਾਂ ਅਤੇ ਔਗੁਣਾਂ ਉੱਤੇ। ਜਨਮ-ਜਾਤ ਤੇ ਊਚ-ਨੀਚ ਦਾ ਬੀਜ ਨਾਸ। ਪ੍ਰੇਮ ਦਾ ਬੋਲ ਬਾਲਾ। ਜੇ ਕਿਸੇ ਦੇ ਨਾਮ ਸਿਮਰਨ ਦਾ ਇਹ ਉਦੇਸ਼ ਨਹੀਂ ਹੈ, ਇਹ ਸੰਕਲਪ ਨਹੀਂ ਹੈ ਤਾਂ ਉਹ ਘੱਟੋ-ਘੱਟ ਬਾਣੀ ਦਾ ਨਾਮ ਨਹੀਂ ਹੈ। ਉਹ ਮਨੂੰਵਾਦੀ ਵਿਚਾਰ ਅਤੇ ਸੰਕਲਪ ਦਾ ਨਾਮ ਹੈ। ਇਸ ਕਾਰਨ, ਅਛੂਤ, ਸੰਤ, ਬ੍ਰਹਮ ਗਿਆਨੀ ਹੋ ਕੇ ਵੀ ਅਛੂਤ ਹੀ ਰਹਿ ਗਏ, ਜਿਨ੍ਹਾਂ ਨੂੰ ਆਪਣਿਆਂ ਹੀ ਵਿਹੜਿਆਂ ਵਿਚ ਘੇਰ ਲਿਆ ਗਿਆ। ਗੁਰੂ ਜੀ ਨੇ ਆਰਤੀ ਉਤਾਰਨ ਬਾਰੇ ਕਿਹਾ :

**ਕਹੈ ਰਵਿਦਾਸ ਨਾਮੁ ਤੇਰੋ ਆਰਤੀ**
**ਸਤਿ ਨਾਮ ਹੈ ਹਰਿ ਭੋਗ ਤੁਮਾਰੇ॥**

ਭਾਵ ਗੁਰੂ ਜੀ ਕਹਿੰਦੇ ਹਨ ਕਿ ਇਸ ਮੁਕੰਦ ਦੀ ਸਮਝ ਇਸ ਦਾ ਚੇਤਾ ਇਸ ਦੀ ਪਛਾਣ ਹੀ ਉਸ ਦੀ ਆਰਤੀ ਹੈ। ਉਸ ਦੀ ਆਰਤੀ ਲਈ ਦੀਵੇ ਜਗਾ ਕੇ ਥਾਲੀਆਂ ਫੇਰਨ ਦੀ ਲੋੜ ਨਹੀਂ। ਸਿਰ ਦੀ ਥਾਲੀ ਵਿਚ ਦਿਮਾਗ ਦਾ ਦੀਪ ਜਗ੍ਹਾ ਕੇ ਰੋਸ਼ਨ ਕਰਕੇ, ਸੁਮੱਤ ਪਾ ਕੇ ਸੋਚਣਾ ਤੇ ਸਮਝਣਾ ਹੀ ਉਸ ਦਾ ਕੀਰਤਨ ਹੈ। ਜਿਸ ਲਈ ਹੋਰ ਪਾਖੰਡ ਦੀ ਲੋੜ ਨਹੀਂ। ਇਹ ਸੋਝੀ ਇਹ ਸਮਝ ਇਹ ਪਛਾਣ ਹੀ ਹਰੀ ਦਾ ਸੱਚਾ ਨਾਮ ਹੈ, ਸੱਚਾ ਚੇਤਾ ਹੈ ਅਤੇ ਇਹੀ ਉਸਦੀ ਖ਼ੁਸ਼ੀ ਲਈ ਭੋਗ ਹੈ। ਉਸ ਨੂੰ ਵਸਤੂਆਂ ਦੀ ਲੋੜ ਨਹੀਂ ਉਸ ਨੂੰ ਤੁਹਾਡੇ ਭੇਟ ਕੀਤੇ ਪਦਾਰਥ ਨਹੀਂ ਚਾਹੀਦੇ। ਕਿਉਂਕਿ ਉਹੀ ਤਾਂ ਤੁਹਾਨੂੰ ਆਹਾਰ ਅਤੇ ਜੀਵਨ ਦੇਣ ਵਾਲਾ ਹੈ। ਉਸ ਨੂੰ ਤਾਂ ਤੁਹਾਡੀ, ਅਕਲ ਨਾਲ ਬਣਾਈ ਸਹੀ ਸਮਝ ਦੇ ਭੋਗ ਦੀ ਜ਼ਰੂਰਤ ਹੈ, ਜੇ ਤੁਸੀਂ ਇਉਂ ਉਸ ਨੂੰ ਚੇਤੇ ਕਰੋਗੇ, ਉਸ ਦਾ ਨਾਮ ਜਪੋਗੇ ਤੇ ਸਭ ਨੂੰ ਉਸ ਦੀਆਂ ਪੁੱਤਰ, ਧੀਆਂ ਮੰਨ ਕੇ, ਊਚ-ਨੀਚ ਤਿਆਗ ਕੇ ਸੱਚ ਨੂੰ ਪ੍ਰੀਤ ਕਰੋਗੇ ਤਾਂ ਇਹੀ ਉਸ ਦਾ ਸੱਚਾ ਭੋਗ

ਹੋਵੇਗਾ। ਸੱਚਾ ਨਾਮ ਸਿਮਰਨ ਹੋਵੇਗਾ। ਗੁਰੂ ਜੀ ਨਾਮ ਜਪਣ ਤੇ ਜਾਤਪਾਤ ਬਾਰੇ ਕਹਿੰਦੇ ਹਨ ਕਿ :

**ਕਹੁ ਰਵਿਦਾਸ ਜੋ ਜਪੈ ਨਾਮੁ॥**
**ਤਿਸ ਜਾਤ ਨ ਜਨਮੁ ਨ ਜੋਨਿ ਕਾਮ॥**

ਇਥੇ ਬਾਣੀ ਦੇ ਨਾਮ ਦਾ ਜਾਤਪਾਤ, ਜਨਮ ਸਿਧਾਂਤ ਅਤੇ ਜੂਨੀ ਚੱਕਰ ਨਾਲ ਕੋਈ ਰਿਸ਼ਤਾ ਨਾਤਾ ਨਹੀਂ ਹੈ। ਕੋਈ ਲੈਣਾ-ਦੇਣਾ ਨਹੀਂ ਹੈ। ਦੋਹਾਂ ਵਿਚਕਾਰ ਅਮੇਲ ਹੈ। ਕੋਈ ਸਾਂਝ ਨਹੀਂ। ਕੋਈ ਰਿਸ਼ਤਾ ਨਹੀਂ। ਏਥੇ ਨਾਮ ਏਕਮਕਾਰ, ਸਤਿਨਾਮ, ਕਰਤਾਪੁਰਖ ਦਾ ਹੈ। ਜੋ ਜੂਨੀ ਵਿਚ ਨਹੀਂ ਆਉਂਦਾ, ਜੋ ਕਿਸੇ ਤੋਂ ਡਰਦਾ ਨਹੀਂ, ਜੋ ਜਾਤ ਵਸ ਤੇ ਰੰਗ ਨਸਲ ਤੋਂ ਬਾਹਰ ਹੈ, ਜੋ ਵੇਦ ਕਤੇਬ ਤੇ ਸ਼ਾਸਤਰਾਂ ਤੋਂ ਨਿਆਰਾ ਹੈ, ਜੋ ਆਪਣੇ ਆਪ ਤੋਂ ਹੈ, ਜਿਸ ਦਾ ਕਿਸੇ ਨਾਲ ਵੈਰ ਨਹੀਂ, ਜਿਸ ਨੂੰ ਡਰਾਇਆ ਨਹੀਂ ਜਾ ਸਕਦਾ, ਜੋ ਸ਼ੂਦਰਾਂ ਦਾ ਵੀ ਉਵੇਂ ਹੈ ਜਿਵੇਂ ਬ੍ਰਾਹਮਣਾਂ ਦਾ। ਬ੍ਰਾਹਮਣ ਤੇ ਸ਼ੂਦਰ ਉਸ ਲਈ ਕੋਈ ਸ਼ੈਅ ਨਹੀਂ ਦੋਵੇਂ ਉਸ ਦੇ ਪੁੱਤ ਹਨ, ਧੀਆਂ ਹਨ। ਬਰਾਬਰ ਦੇ ਹਨ। ਨਾ ਉੱਚੇ ਨਾ ਨੀਵੇਂ। ਨਾ ਸਵਰਨ ਨਾ ਅਵਰਨ, ਨਾ ਦੇਵ ਨਾ ਦੈਂਤ। ਨਾ ਸੁਰ ਨਾ ਅਸੁਰ। ਗੁਰੂ ਜੀ ਦਾ ਗੁਰਬਾਣੀ ਵਿਚ ਇਕ ਸਲੋਕ ਹੈ, ਜਿਸ ਵਿਚ ਗੁਰੂ ਜੀ ਨੇ ਕਿਹਾ ਹੈ।

**ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥**
**ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥**

ਭਾਵ ਕਿ ਪਰਮਾਤਮਾ ਦੇ ਹੀਰੇ ਰੂਪੀ ਨਾਮ ਨੂੰ ਛੱਡ ਕੇ ਜਿਹੜਾ ਜੀਵ ਮੁਕਤੀ ਦੀ ਹੋਰ ਕੋਈ ਆਸ ਰੱਖਦਾ ਹੈ, ਗੁਰੂ ਜੀ ਫ਼ੁਰਮਾਉਂਦੇ ਹਨ ਕਿ ਮੈਂ ਹਮੇਸ਼ਾ ਅਟੱਲ ਰਹਿਣ ਵਾਲੀ ਸੱਚਾਈ ਕਹਿੰਦਾ ਹਾਂ ਕਿ ਅਜਿਹਾ ਜੀਵ ਨਰਕਾਂ ਨੂੰ ਜਾਵੇਗਾ। ਸੋ ਆਉ! ਅਸੀਂ ਸਾਰੇ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਲੋਕ ਗੁਰੂ ਜੀ ਦੇ ਜਨਮ ਦਿਵਸ 'ਤੇ ਗੁਰੂ ਜੀ ਦੀ ਬਾਣੀ ਤੋਂ ਸੇਧ ਲੈ ਕੇ ਜਾਤਪਾਤ ਰਹਿਤ ਸਮਾਜ ਦੀ ਸਿਰਜਣਾ ਕਰੀਏ ਤਾਂ ਕਿ ਗੁਰੂ ਰਵਿਦਾਸ ਜੀ ਦੇ ਸੁਪਨਿਆਂ ਦਾ ਬੇਗਮਪੁਰਾ ਸ਼ਹਿਰ ਵਸਾਇਆ ਜਾ ਸਕੇ। ਇਹ ਹੀ ਗੁਰੂ ਜੀ ਪ੍ਰਤੀ ਸੱਚੀ ਸ਼ਰਧਾ ਹੋਵੇਗੀ।

*–ਅਮਰਜੀਤ ਸਿੰਘ ਬਿੱਲਾ, ਮੈਂਬਰ ਪੰਚਾਇਤ ਲੰਗੜੋਆ*
*ਮੋਬਾਇਲ ਨੰਬਰ–98155-71767*

* * *

# ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ

ਇਕ ਉਪ੍ਰੋਕਤ ਸਿਰਲੇਖ, ਸ੍ਰੀ ਗੁਰੂ ਰਵਿਦਾਸ ਜੀ ਦੇ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 93 'ਤੇ ਸਿਰੀ ਰਾਗ ਵਿਚ ਉਚਾਰਨ ਕੀਤੇ ਪਾਵਨ ਸ਼ਬਦ, "ਤੋਹੀ ਮੋਹੀ ਮੋਹੀ .....ਕੈਸਾ॥" ਦੇ ਰਹਾਉ ਤੋਂ ਮਗਰੋਂ ਬੰਦ ਨੰਬਰ ਦੋ ਦੀ ਤੁੱਕ ਹੈ। ਸਿਰੀ ਰਾਗ ਬਾਰੇ ਵਿਦਵਾਨ ਆਖਦੇ ਹਨ, "ਸਿਰੀ ਰਾਗ ਬੜਾ ਪੁਰਾਤਨ, ਮਧੁਰ ਅਤੇ ਕਠਨ ਰਾਗ ਹੈ। ਸਿਰੀ ਰਾਗ ਨੂੰ ਮੁੜ ਸੁਰਜੀਤੀ ਦਾ ਰਾਗ ਮੰਨਿਆ ਗਿਆ ਹੈ।" ਇਸ ਸ਼ਬਦ ਵਿਚ ਸ੍ਰੀ ਗੁਰੂੰ ਰਵਿਦਾਸ ਜੀ ਪਹਿਲਾ ਤਾਂ ਆਦਿ ਪੁਰਖ (ਪ੍ਰਭ) ਨੂੰ ਇਹ ਸੰਬੋਧਨ ਕਰਦੇ ਹੋਏ ਨਿਰਣਾ ਕਰਦੇ ਹਨ ਕਿ ਹੇ ਆਦਿ-ਦੇਵ (ਪ੍ਰਭ) ਤੇਰੇ ਤੇ ਮੇਰ ਵਿਚ ਕੋਈ ਅੰਤਰ ਨਹੀਂ ਹੈ। ਇਸ ਤੋਂ ਸੋ: ਹੰ: ਦੀ ਸਿਰਜਣਾ ਹੁੰਦੀ ਹੈ। ਸੋ: ਦਾ ਅਰਥ ਹੈ 'ਓਹੀ' ਅਤੇ ਹੰ: ਦਾ ਅਰਥ ਹੈ 'ਹਾਂ' ਭਾਵ ਮੈਂ ਉਹੀ ਹਾਂ ਜੋ ਤੂੰ ਹੈਂ॥ ਸਾਡੇ ਵਿਚ ਕਈ ਅੰਤਰ ਨਹੀਂ।"ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ॥"

ਪਹਿਲਾਂ ਤਾਂ ਸ੍ਰੀ ਗੁਰੂ ਰਵਿਦਾਸ ਜੀ ਆਪਣੇ ਆਪ ਨੂੰ ਈਸ਼ਵਰ ਤੋਂ ਅਭੇਦ ਦੱਸਦੇ ਹਨ ਫਿਰ ਇਹ ਪਾਵਨ ਵਿਚਾਰ ਪ੍ਰਗਟ ਕਰਦੇ ਹਨ ਕਿ ਆਦਿ-ਦੇਵ ਮਨੁੱਖ ਨੂੰ ਆਪਣਾ ਗਿਆਨ ਪ੍ਰਗਟ ਕਰਦੇ ਹਨ ਫਿਰ ਗਿਆਨੀ ਮਨੁੱਖ ਉਸੇ ਦਾ ਹੀ ਰੂਪ ਬਣ ਜਾਂਦਾ ਹੈ। ਅਸੀਂ ਆਖਦੇ ਹਾਂ ਕਿ ਪਹਿਲਾਂ ਵੀ

ਆਦਿ-ਦੇਵ ਸੀ, ਹੁਣ ਵੀ ਹੈ ਤੇ ਅੰਤ ਨੂੰ ਵੀ ਰਵੇਗਾ। ਇਸ ਦਾ ਭਾਵ ਇਹ ਹੈ ਕਿ ਆਦਿ-ਦੇਵ ਸਦੈਵ ਰਹਿਣ ਵਾਲਾ ਹੈ। ਆਦਿ-ਦੇਵ ਆਦਿ ਵਿਚ ਕਿਸ ਪ੍ਰਕਾਰ ਦਾ ਸੀ, ਇਸ ਦਾ ਸਰੂਪ ਕਿਸ ਪ੍ਰਕਾਰ ਦਾ ਹੈ, ਇਹ ਕਿਥੇ ਹੈ, ਇਹ ਕੋਈ ਨਹੀਂ ਜਾਣਦਾ। ਇਹ ਆਪਣੇ ਆਪ ਵਿਚ 'ਆਪ' ਹੀ ਹੈ ਤੇ ਬ੍ਰਹਿਮੰਡ ਦੀ ਸਮਾਪਤੀ 'ਤੇ ਇਹ ਆਪਣੇ ਆਪ ਵਿਚ 'ਆਪ' ਹੀ ਹੋਵੇਗਾ। ਹੋਰ ਕੁਝ ਨਹੀਂ ਹੋਵੇਗਾ। ਆਦਿ ਤੇ ਅੰਤ ਵਿਚ ਆਦਿ-ਦੇਵ ਦੀ ਹੋਂਦ ਸੀ ਤੇ ਰਹੇਗੀ। ਇਸ ਦਾ ਵਰਨਣ ਸਤਿਗੁਰੂ ਰਵਿਦਾਸ ਜੀ ਨੇ ਆਪਣੀ ਪਾਵਨ ਅੰਮ੍ਰਿਤ ਬਾਣੀ ਵਿਚ ਕਈ ਥਾਈਂ ਕੀਤਾ ਹੈ ਜਿਵੇਂ :

(1) "ਆਦਿ (ਮਧਯ) ਔਸਾਨ ਰਾਮ ਬਿਨ, ਕੋਈ ਨਾ ਕਰੇ ਨਿਵਾਰਾ ਹੋ ਹਰਿ॥ ਟੇਕ॥

(2) ਆਦਿ ਹੂ ਏਕ ਅੰਤ ਫੁਨਿ ਸੋਈ, ਮਧਿ ਉਪਾਧਿ ਸੁ ਕੈਸੇ॥

(3) ਆਦਿ ਅੰਤ ਸਧਿ ਸੰਗ ਤਿਹਾਰੇ, ਅਬ ਕਾਹੇ ਕਰਤਹੁ ਨਿਨਾਰੇ॥

*(ਸੰਪਾਦਨਾ—ਪ੍ਰੋ. ਧਰਮ ਪਾਲ ਸਿੰਗਲ)*

ਪਰ ਵਰਤਮਾਨ ਜਾਂ ਮੱਧ ਵਿਚ ਇਸ ਦਾ ਸਰੂਪ ਕੀ ਹੈ ? ਇਹ ਮੱਧ ਦਾ ਸਰੂਪ ਹੀ ਸਾਨੂੰ ਆਦਿ-ਦੇਵ ਦੇ ਆਦਿ ਅਤੇ ਅੰਤ ਦਾ ਬੋਧ ਕਰਾਉਂਦਾ ਹੈ। ਆਓ ਆਦਿ-ਦੇਵ ਦੇ ਵਰਤਮਾਨ ਭਾਵ ਮੱਧ ਦੇ ਸਰੂਪ ਨੂੰ ਪਛਾਣੀਏ।

ਆਦਿ ਦੇਵ ਦੇ 'ਮਧ' ਦਾ ਸਰੂਪ ਹੈ 'ਸ੍ਰਿਸ਼ਟੀ ਦੀ ਸਿਰਜਣਾ'। ਜੋ ਕੁਝ ਸਾਨੂੰ ਆਪਣੀ ਪੰਜ ਗਿਆਨ ਇੰਦ੍ਰੀਆਂ-ਅੱਖ, ਨੱਕ, ਕੰਨ, ਜੀਭ ਤੇ ਚਮੜੀ ਨਾਲ ਗਿਆਨ ਪ੍ਰਾਪਤ ਹੁੰਦਾ ਹੈ ਤੇ ਜਿਸ ਨੂੰ 'ਸਾਡੀ ਬੁਧੀ ਰੂਪੀ ਪਾਰਸ' ਦੀ ਛੋਹ ਹੋ ਜਾਂਦੀ ਹੈ, ਉਹੀ ਆਦਿ-ਦੇਵ ਦੀ ਵਰਤਮਾਨ ਦੀ ਹੋਂਦ ਹੈ। ਆਪਣੀਆਂ ਅੱਖਾਂ ਨਾਲ ਜੋ ਕੁਝ ਦਿੱਸਦਾ ਹੈ, ਕੰਨਾਂ ਨਾਲ ਜੋ ਸੁਣਦਾ ਹੈ, ਨਾਸਕਾ ਨਾਲ ਜੋ ਗੰਧ-ਸੁਗੰਧ ਦਾ ਅਨੁਭਵ ਹੁੰਦਾ ਹੈ ਤੇ ਰਸਨਾ ਤੋਂ ਜੋ ਅਸੀਂ ਧੁਅਨੀ ਕੱਢਦੇ ਹਾਂ ਜਾਂ ਖਾਦਯ ਪਦਾਰਥ ਚੱਖਦੇ ਹਾਂ ਅਤੇ ਆਪਣੀ ਛੋਹ ਨਾਲ ਜੋ ਮਹਿਸੂਸ ਕਰਦੇ ਹਾਂ, ਬਸ ਇਹੋ ਹੈ ਆਦਿ ਦੇਵ ਦਾ 'ਮੱਧ'। ਜੋ ਅਸੀਂ ਆਪਣੀਆਂ ਪੰਜ ਗਿਆਨ ਇੰਦ੍ਰੀਆਂ ਨਾਲ ਜਾਣਿਆ ਹੈ, ਇਹ ਸ੍ਰਿਸ਼ਟੀ ਦੀ ਰਚਨਾ ਨੂੰ ਹੀ ਜਾਣਿਆ ਹੈ। ਇਸ ਰਚਨਾ ਦਾ ਦੂਜਾ ਨਾਮ 'ਮਾਇਆ' ਹੈ ਅਰਥਾਤ 'ਮੋਹਿਆ ਹੋਇਆ' ਹੈ। ਆਦਿ-ਦੇਵ ਦੀ ਉਹ ਸ਼ਕਤੀ ਜਿਸ ਨਾਲ ਸਾਰੀ ਸ੍ਰਿਸ਼ਟੀ ਦਾ ਕੰਮ ਚਲਦਾ ਹੈ ਮਾਇਆ ਹੈ। ਸ੍ਰਿਸ਼ਟੀ ਦੀ ਇਸ ਰਚਨਾ ਨੂੰ ਇੰਦਰ ਜਾਲ, ਛਲ ਤੇ ਕਪਟ ਵੀ ਆਖਿਆ ਜਾਂਦਾ ਹੈ।

ਇਸ ਸ੍ਰਿਸ਼ਟੀ ਨੂੰ ਚਲਾਉਣ ਵਾਲੀ ਸ਼ਕਤੀ ਬੜੀ ਪ੍ਰਬਲ ਹੈ ਤੇ ਕੇਵਲ ਉਹ ਇਕੋ ਹੀ ਹੈ ਕਿਉਂਕਿ ਇਸ ਦਾ ਰਚਈਤਾ ਵੀ ਤਾਂ ਇਕੋ ਹੀ ਹੈ। ਉਹ ਸਰਵ ਵਿਆਪੀ. ਅੰਦਰ ਬਾਹਰ ਹੈ ਭਾਵ ਓਂਕਾਰ ਹੈ। ਆਦਿ-ਦੇਵ ਦੇ ਇਨ੍ਹਾਂ ਗੁਣਾਂ ਤੋਂ ਹੀ ਸੰਤ ਜਨਾਂ ਨੇ ਇਸ ਦੇ ਸਰੂਪ ਨੂੰ '੧ਓ' (ਇਕ ਓਂਕਾਰ) ਦਾ ਸਰੂਪ ਦਿੱਤਾ ਹੈ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਏਸੇ ਆਦਰਸ਼ ਸਿਧਾਂਤ 'ਤੇ ਟਿਕਿਆ ਹੋਇਆ ਹੈ। ਇਹ ਇਕੋ ਹੀ ਸ੍ਰਿਸ਼ਟੀ ਦਾ ਉਤਪਤ ਕਰਤਾ ਹੈ, ਇਕੋ ਹੀ ਇਸਦੀ ਪਾਲਣਾ ਕਰਦਾ ਹੈ ਤੇ ਇਸ ਦਾ ਅੰਤ ਕਰਨ ਵਾਲਾ ਵੀ ਕੇਵਲ ਇਕੋ ਹੀ ਹੈ। ਇਹਨਾਂ ਤਿੰਨਾਂ ਕਾਰਜਾਂ ਨੂੰ ਕਰਨ ਵਾਲੇ ਵੱਖ-ਵੱਖ ਹੋਣ ਦਾ ਸਿਧਾਂਤ ਗ਼ਲਤ ਹੈ ਤੇ ਅਗਿਆਨੀ ਮੱਤ ਹੈ ! ਇਸ 'ਇਕ' ਦੇ ਸੱਚੇ ਸਿਧਾਂਤ ਨੂੰ "ਸਟੀਕ—ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ" ਪੁਸਤਕ ਦੇ ਲੇਖਕ ਬੜੇ ਸੁੰਦਰ ਤੇ ਸਪੱਸ਼ਟ ਢੰਗ ਨਾਲ ਪੰਨਾ-17 'ਤੇ ਵਰਨਣ ਕਰਦੇ ਹਨ। ਜੋ ਇਸ ਪ੍ਰਕਾਰ ਹੈ :

"ਸੋ ਪਾਰਬ੍ਰਹਮ ਇਕ ਹੈ, ਸ੍ਰਿਸ਼ਟੀ ਸਿਰਜਣਾ, ਉਸਦੀ ਪਾਲਣਾ ਕਰਨਾ ਅਤੇ ਉਸ ਦਾ ਸੰਘਾਰ ਕਰਨਾ, ਉਸ ਦੀਆਂ ਹੀ ਸ਼ਕਤੀਆਂ ਹਨ। ਉਹ ਇਕ ਤੋਂ ਅਨੇਕ ਹੋ ਕੇ ਆਪਣੀ ਸ੍ਰਿਸ਼ਟੀ ਵਿਚ ਵਿਚਰ ਰਿਹਾ ਹੈ। ਸਾਇੰਸ ਵੀ ਇਹੋ ਕਹਿੰਦੀ ਹੈ। ਸਾਇੰਸ ਨੇ ਇਸ 'ਇਕ' ਨੂੰ 'ਊਰਜਾ' ਕਿਹਾ ਹੈ ਅਤੇ ਇਸ "ਊਰਜਾ" (ਵਿਦੁਤ-ਬਿਜਲੀ) ਦੇ ਕਣਾਂ ਨਾਲ ਹ. ਸਭ ਕੁਝ ਬਣਿਆ ਹੈ। ਇਕ ਤੋਂ ਸਭ ਬਣਿਆ ਹੈ॥" ਵਿਗਿਆਨ ਕਹਿੰਦਾ ਹੈ ਊਰਜਾ—ਇਲੈਕਟ੍ਰਿਸਿਟੀ ਤਿੰਨ ਵਿਚ ਟੁੱਟਦੀ ਹੈ—ਇਲੈਕਟ੍ਰਾਨ, ਨਿਊਟ੍ਰਾਨ

ਅਤੇ ਸੰਘਾਰਨ ਦਾ ਕੰਮ ਕਰਦੀਆਂ ਹਨ ਭਾਵ
ਅਤੇ ਪ੍ਰਟਾਨ। ਇਹੋ ਤਿੰਨ ਸ਼ਕਤੀਆਂ, ਜਨਮ, ਪਾਲਣ ਉਸ ਦੀ ਹੀ ਸਿਰਜਣਾ ਹਨ ਅਤੇ ਪਾਰਬ੍ਰਹਮ ਉਹਨਾਂ
ਊਰਜਾ ਪ੍ਰਮਾਤਮਾ ਹੈ। ਬ੍ਰਹਮਾ, ਵਿਸ਼ਨੂੰ, ਮਹੇਸ਼ ਬਣ ਹੀ ਨਹੀਂ ਸਕਦੇ।
ਵਿਚ ਵੀ ਬਿਰਾਜਮਾਨ ਹੈ। ਇਸ ਕਰਕੇ ਉਹ ਭਗਵਾਨ ਬਣ ਹੀ ਨਹੀਂ ਸਕਦੇ। ਵਿਦਵਾਨ ਇਕ ਮੱਤ ਜਾਪਦੇ ਹਨ। ਸੰਤ

ਸ੍ਰਿਸ਼ਟੀ ਦੀ ਰਚਨਾ ਕਿਸ ਪ੍ਰਕਾਰ ਹੋਈ ਸੰਤ ਜਨ ਤੇ ਵਿਦਵਾਨ ਇਕ ਮੱਤ ਜਾਪਦੇ ਹਨ। ਸੰਤ ਜਨਾਂ ਦੇ ਪ੍ਰਵਚਨ ਹਨ ਕਿ ਇਹ ਗੁਪਤ ਸ਼ਕਤੀ ਹਰ ਪਦਾਰਥ ਦੇ ਕਣ ਕਣ ਵਿਚ ਸਮਾਈ ਹੋਈ ਹੈ। ਜਿਵੇਂ ਗੁਰੂ ਰਵਿਦਾਸ ਜੀ ਦੇ ਪਾਵਨ ਬਚਨ ਹਨ :

**"ਏਕ ਹੀ ਏਕ ਅਨੇਕ ਹੋਇ ਬਿਸਥਰਓ**

**ਆਨ ਰੇ ਆਨ ਭਰਪੂਰਿ ਸੋਊ ॥ ਰਹਾਉ ॥"**

ਵਿਦਵਾਨਾਂ ਦਾ ਮਤ ਹੈ ਕਿ ਸ਼ਕਤੀ ਤੋਂ ਬ੍ਰਹਮੰਡ ਤੇ ਸਭ ਪਦਾਰਥ ਹੋਂਦ ਵਿਚ ਆਏ। ਇਸ ਲਈ ਇਹ ਦੋਵੇਂ ਗੱਲਾਂ ਇਕੋ ਕੇਂਦਰ ਬਿੰਦੂ 'ਤੇ ਆ ਟਿੱਕਦੀਆਂ ਹਨ "ਸਭ ਵਿਚ ਉਹ ਸ਼ਕਤੀ ਹੈ–ਸ਼ਕਤੀ ਤੋਂ ਸਭ ਉਤਪਤੀ ਹੋਈ ਹੈ।"

ਵਿਦਵਾਨਾਂ ਦਾ ਇਹ ਵਿਚਾਰ ਹੈ ਗੁਪਤ ਸ਼ਕਤੀ ਦੇ ਰੂਪ ਵਿਚ ਗੈਸਾਂ ਦੀ ਉਤਪਤੀ ਹੋਈ ਫਿਰ ਇਹ ਗੈਸਾਂ ਦੀ ਸ਼ਕਤੀ ਸੁੰਗੜਨ ਦੀ ਪ੍ਰਕਿਰਿਆ ਵਿਚ ਆਈ। ਸੁੰਗੜਨ ਦੀ ਪ੍ਰਕ੍ਰਿਆ ਨਾਲ ਇਕ ਵੱਡਾ ਸਾਰਾ 'ਧਮਾਕਾ' ਹੋਇਆ ਜਿਸ ਨਾਲ ਇਹ ਬ੍ਰਹਮੰਡ ਹੋਂਦ ਵਿਚ ਆਇਆ। ਇਸ ਬਾਰੇ ਪ੍ਰੋਫੈਸਰ ਲਾਲ ਸਿੰਘ ਹਵਾਲਾ ਦਿੰਦੇ ਹਨ :

"ਭੌਤਿਕੀਕਰਨ (ਤੱਤਾਂ ਦਾ ਗਿਆਨ) ਸਾਫ਼ ਲਫ਼ਜ਼ਾਂ ਵਿਚ ਸ਼ਕਤੀ ਤੋਂ ਪਦਾਰਥਾਂ ਵਿਚ ਬਦਲਾਵ ਦੀ ਕ੍ਰਿਆ ਹੈ। ਭੌਤਿਕੀਕਰਨ ਦੀ ਬ੍ਰਹਿਮੰਡ ਦੇ ਪਹਿਲਾਂ ਦੇ ਸਮੇਂ ਤਕਰੀਬਨ ਇਕ ਲੱਖ ਸਾਲ (ਵੱਡੇ ਧਮਾਕੇ ਸਮੇਂ) ਵਿਚ ਬੜੀ ਮਹੱਤਵਪੂਰਨ ਭੂਮਿਕਾ ਹੈ। (ਜੋਜਫ ਕਲੈਜੈਕ ਅਤੇ ਪੀਟਰ ਜੇਕਸ)

ਸੰਤ ਤੇ ਗੁਰੂ ਆਪਣੀ-ਆਪਣੀ ਬਾਣੀ ਵਿਚ ਬਾਰ-ਬਾਰ ਇਸ ਗੱਲ ਦਾ ਵਰਨਣ ਕਰਦੇ ਹਨ ਕਿ ਆਦਿ ਸ਼ਕਤੀ ਕਣ-ਕਣ ਵਿਚ ਵੱਸਦੀ ਹੈ। ਵਿਦਵਾਨ ਐਨਸਟਾਇਨ ਨੇ ਗਣਿਤ ਦੇ ਢੰਗ ਨਾਲ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਹੈ। ਉਸ ਅਨੁਸਾਰ :

ਆਦਿ ਸ਼ਕਤੀ=ਪੁੰਜ×(ਪ੍ਰਕਾਸ਼ ਦੀ ਗਤੀ)$^2$

ਏਥੇ ਆਦਿ ਸ਼ਕਤੀ ਤੋਂ ਭਾਵ ਗੁਪਤ ਸ਼ਕਤੀ ਹੈ, ਪੁੰਜ ਤੋਂ ਭਾਵ ਬ੍ਰਹਿਮੰਡ ਵਿਚ ਸਭ ਪਦਾਰਥ ਅਤੇ ਪ੍ਰਕਾਸ਼ ਦੀ ਗਤੀ ਤੋਂ ਭਾਵ ਹੈ, ਰੌਸ਼ਨੀ ਦੀ ਦੂਰ ਪਹੁੰਚਣ ਦੀ ਚਾਲ ਜੋ ਇਕ ਸੈਕੰਡ ਵਿਚ ਤਿੰਨ ਹਜ਼ਾਰ ਕਿਲੋਮੀਟਰ ਦਾ ਵਰਗ (ਭਾਗ-2)।

ਕੋਈ ਛੇ ਸੌ ਅਠਾਈ ਸਾਲ ਪਹਿਲਾਂ ਆਖੀ ਹੋਈ ਸਤਿਗੁਰੂ ਰਵਿਦਾਸ ਜੀ ਅਤੇ ਸਤਿਗੁਰੂ ਕਬੀਰ ਜੀ ਦੀ ਗੱਲ ਨੂੰ ਵਰਤਮਾਨ ਵਿਚ ਵਿਦਵਾਨਾਂ ਨੇ ਸਵੀਕਾਰਿਆ ਹੈ।

ਏਸੇ ਤਰ੍ਹਾਂ ਸਤਿਗੁਰੂ ਕਬੀਰ ਜੀ ਫ਼ੁਰਮਾਉਂਦੇ ਹਨ :

**"ਕਰ ਰੇ ਗਿਆਨੀ ਬ੍ਰਾਹਮਣ ਵਿਚਾਰ ਜੋਤੀ ਅੰਦਰ ਧਰਿਆ ਪਸਾਰੁ ॥"**

ਉਪ੍ਰੋਕਤ ਵਿਚਾਰਾਂ ਤੋਂ ਇਹ ਸਿੱਧ ਹੋਇਆ ਹੈ ਕਿ ਕਣ-ਕਣ ਵਿਚ ਆਦਿ ਸ਼ਕਤੀ (ਪਾਰਬ੍ਰਹਮ) ਹੈ ਜਾਂ ਆਦਿ ਸ਼ਕਤੀ ਤੋਂ ਕਣ-ਕਣ ਦੀ ਉਤਪਤੀ ਹੋਈ। ਹੁਣ ਦੇਖਣਾ ਹੈ ਉਹ ਆਦਿ ਸ਼ਕਤੀ ਮੱਧ ਵਿਚ ਕਿਥੇ ਹੈ। ਇਹ ਬ੍ਰਹਿਮੰਡ ਵਿਚ ਜੋ ਵੀ ਪਦਾਰਥ ਚਲ ਅਤੇ ਅਚਲ, ਪਸ਼ੂ, ਪੰਛੀ ਅਤੇ ਮਨੁੱਖ ਹੈ ਉਸ ਵਿਚ ਆਦਿ ਸ਼ਕਤੀ ਦਾ ਵਾਸਾ ਹੈ। ਪਦਾਰਥ, ਪਸ਼ੂ ਅਤੇ ਪੰਛੀ ਇਸ ਆਦਿ ਸ਼ਕਤੀ ਨੂੰ ਉਜਾਗਰ ਕਰਨ ਦੀ ਸ਼ਕਤੀ ਨਹੀਂ ਰੱਖਦੇ। ਇਕ ਮਨੁੱਖ ਹੀ ਹੈ ਜੋ ਇਸ ਗੁਪਤ ਆਦਿ ਸ਼ਕਤੀ ਨੂੰ ਆਪਣੇ ਵਿਚ ਉਜਾਗਰ ਕਰ ਸਕਦਾ ਹੈ। ਜਿਸ ਪ੍ਰਕਾਰ ਇਕ ਬੈਟਰੀ ਸੈੱਲ ਨੂੰ ਬਿਜਲੀ ਸ਼ਕਤੀ ਨਾਲ ਚਾਰਜ ਕਰਕੇ ਮੁੜ ਉਸ ਵਿਚ ਪ੍ਰਕਾਸ਼ ਕਰਨ ਦੀ ਸ਼ਕਤੀ ਆ ਜਾਂਦੀ ਹੈ, ਏਸੇ ਤਰ੍ਹਾਂ ਮਨੁੱਖ ਅੰਤਰ ਧਿਆਨ ਹੋ ਕੇ ਉਸ ਆਦਿ ਸ਼ਕਤੀ ਨੂੰ ਆਪਣੇ ਵਿਚ ਮੁੜ ਉਜਾਗਰ ਕਰ ਸਕਦਾ ਹੈ। ਮਨੁੱਖ ਦਾ ਏਹੋ ਗੁਣ ਇਸ

ਨੂੰ ਬਾਕੀ ਜੀਵਾਂ ਤੋਂ ਵੱਖਰਾ ਤੇ ਉੱਤਮ ਹੋਣ ਦਾ ਮਾਣ ਬਣਦਾ ਹੈ। ਤਦੇ ਆਖਿਆ ਗਿਆ ਹੈ ਕਿ ਮਾਨਸ ਜਨਮ ਦੁਰਲਭ ਹੈ ਮਿਲੇ ਨਾ ਬਾਰਮਬਾਰ॥

ਸਤਿਗੁਰੂ ਰਵਿਦਾਸ ਜੀ ਆਪਣੀ ਪਾਵਨ ਰਸਨਾ ਦੁਆਰਾ ਇਹ ਅਮਰ ਪ੍ਰਵਚਨ ਉਚਾਰਦੇ ਹਨ :

**"ਸੰਤ ਅਨੰਤਹਿ ਅੰਤਰ ਨਾਹੀ॥"**

ਭਾਵ ਸੰਤਾਂ ਅਤੇ ਆਦਿ ਸ਼ਕਤੀ (ਅੰਤਰਜਾਮੀ) ਵਿਚ ਕੋਈ ਫਰਕ ਨਹੀਂ ਹੈ। ਜੇ ਕੋਈ ਅੰਤਰ ਦਿੱਸਦਾ ਹੈ ਤਾਂ ਕੇਵਲ ਅੱਖਾਂ ਜਾਂ ਬੁਧੀ ਦਾ ਭੁਲੇਖਾ ਹੀ ਹੁੰਦਾ ਹੈ। ਜਿਵੇਂ ਅਸੀਂ ਸੋਨੇ ਤੋਂ ਬਣੇ ਗਹਿਣੇ ਨੂੰ ਕੜਾ, ਹਾਰ ਜਾਂ ਮੁੰਦਰੀ ਆਖਦੇ ਹਾਂ, ਸੋਨਾ ਨਹੀਂ। ਸਾਗਰ ਵਿਚ ਉੱਪਰ ਉਠੇ ਪਾਣੀ ਨੂੰ ਲਹਿਰ ਜਾਂ ਛੱਲ ਆਖਦੇ ਹਾਂ, ਜੰਮੇ ਹੋਏ ਪਾਣੀ ਨੂੰ ਬਰਫ ਤੇ ਉੱਡ ਕੇ ਜਾਂਦੇ ਪਾਣੀ ਨੂੰ ਭਾਫ ਆਖਦੇ ਹਾਂ, ਪਾਣੀ ਨਹੀਂ। ਪਾਣੀ ਨੂੰ ਅਸੀਂ ਪਾਣੀ ਆਖਦੇ ਹਾਂ ਅਸਲ ਵਿਚ ਇਹ ਪਾਣੀ ਨਹੀਂ ਸਗੋਂ ਦੋ ਗੈਸਾਂ ਹਾਈਡਰੋਜਨ ਦੋ ਭਾਗ ਅਤੇ ਔਕਸੀਜਨ ਇਕ ਭਾਗ ਦਾ ਮਿਸ਼ਰਣ ਹੈ। ਦੋਹਾਂ ਗੈਸਾਂ ਦਾ ਮਿਲਾਪ ਪਾਣੀ ਹੈ। ਏਸੇ ਤਰ੍ਹਾਂ ਜੋ ਸਾਨੂੰ ਚਿੱਟੀ ਧੁੱਪ ਦਿੱਸ ਰਹੀ ਹੈ ਅਸਲ ਵਿਚ ਇਹ ਚਿੱਟੀ ਨਹੀਂ ਸਗੋਂ ਇਹ ਸਤ ਰੰਗੀ ਅਸਮਾਨੀ ਪੀਂਘ ਵਰਗੇ ਸਤ ਰੰਗਾਂ ਦਾ ਚਿੱਟਾ ਪ੍ਰਕਾਸ਼ ਹੈ। ਏਸੇ ਤਰ੍ਹਾਂ ਆਦਿ ਸ਼ਕਤੀ ਤੇ ਮਨੁੱਖ ਵੱਖ-ਵੱਖ ਦਿੱਸਦੇ ਹਨ ਪਰ ਅਸਲ ਵਿਚ ਇਹ ਦੋਵੇਂ ਇਕ ਹੀ ਹਨ। ਭੁਲੇਖਾ ਸਾਡੀਆਂ ਅੱਖਾਂ ਤੇ ਬੁੱਧੀ ਨੂੰ ਹੈ। ਅਸੀਂ ਇਸ ਲੇਖ ਵਿਚ ਸਿੱਧ ਕਰ ਆਏ ਹਾਂ ਕਿ ਮਨੁੱਖ ਸਮੇਤ ਸਭ ਪਦਾਰਥ ਆਦਿ ਸ਼ਕਤੀ ਦਾ ਅੰਸ਼ ਹਨ। ਜਦ ਇਸ ਸ਼ਕਤੀ ਦਾ ਅੰਸ਼ ਹੁੰਦਾ ਹੈ ਤਾਂ ਮੁੜ ਉਹ ਆਪਣੇ ਅੰਸ਼ੀ ਵਿਚ ਜਾ ਸਮਾਉਂਦਾ ਹੈ। ਜੋ ਅੰਸ਼ ਜੀਵਿਤ ਹੁੰਦਿਆਂ ਆਪਣੇ ਅੰਸ਼ੀ ਵਿਚ ਜਾ ਸਮਾ ਜਾਂਦਾ ਹੈ ਉਸ ਨੂੰ 'ਸੰਤ' ਆਖਿਆ ਜਾਂਦਾ ਹੈ। ਜਿਉਂਦੇ ਜੀਅ ਅੰਸ਼ੀ ਵਿਚ ਕਿਵੇਂ ਸਮਾਉਣਾ ਹੈ ਇਸ ਦੀ ਵਿਧੀ ਸੰਤ ਲੋਕ ਸਮਾਧੀ ਲਾ ਕੇ, ਅੰਤਰ ਧਿਆਨ ਹੋ ਕੇ ਉਸ ਆਦਿ ਸ਼ਕਤੀ ਨੂੰ ਆਪਣੇ ਅੰਦਰੋਂ ਪ੍ਰੇਰ ਕੇ ਉਜਾਗਰ ਕਰਨ ਨਾਲ ਮਨੁੱਖ ਉਸੇ ਅਵਸਥਾ ਵਿਚ ਹੋ ਜਾਂਦਾ ਹੈ ਜੋ ਅਵਸਥਾ ਆਦਿ ਸ਼ਕਤੀ ਦੀ ਹੁੰਦੀ ਹੈ ਭਾਵ 'ਸੰਤ ਅਨੰਤਿ ਅੰਤਰ ਨਾਹੀ" ਹੋ ਜਾਂਦਾ ਹੈ। ਏਥੋਂ ਹੀ 'ਪ੍ਰਭ ਤੇ ਜਨ ਜਾਨੀਜੈ, ਜਨ ਤੇ ਸੁਆਮੀ" ਦਾ ਨਿਰਣਾਇਕ ਸਿਧਾਂਤ ਉਤਪੰਨ ਹੋ ਜਾਂਦਾ ਹੈ। ਇਸੇ ਅਵਸਥਾ ਨੂੰ ਸਤਿਗੁਰੂ ਕਬੀਰ ਜੀ ਨੇ ਆਖਿਆ ਹੈ :

**"ਜਿਸ ਮਰਨੇ ਤੇ ਜਗ ਡਰੈ, ਮੇਰੇ ਮਨ ਆਨੰਦ॥**
**ਮਰਨੇ ਤੇ ਹੀ ਪਾਈਏ ਪੂਰਨ ਪਰਮਾਨੰਦ॥"**

ਜਦ ਮਨੁੱਖ ਸੁਨ ਸਮਾਧੀ ਲਾ ਅੰਤਰ ਧਿਆਨ ਹੋ ਕੇ 'ਆਦਿ ਸ਼ਕਤੀ' ਦੀ ਅਰਾਧਨਾ-ਭਗਤੀ ਕਰਦਾ ਹੈ ਤਾਂ ਮਨੁੱਖ ਦੇ ਅੰਦਰੋਂ 'ਆਦਿ ਸ਼ਕਤੀ' ਦਾ ਉਭਾਰ ਹੋ ਉਠਦਾ ਹੈ। ਜਦ ਜੋਤਿ ਨਾਲ ਜੋਤਿ ਜਾ ਮਿਲਦੀ ਹੈ ਤਾਂ ਦੋਵੇਂ ਜੋਤਾਂ ਦੀ ਏਕਤਾ ਹੋ ਜਾਂਦੀ ਹੈ। ਇਸ ਏਕਤਾ ਨਾਲ ਮਨੁੱਖ ਨੂੰ ਆਦਿ ਸ਼ਕਤੀ ਦੇ ਗਿਆਨ ਤੋਂ ਜਾਣੂੰ ਕਰਵਾਉਂਦੀ ਹੈ। ਇਹੋ ਆਦਿ ਸ਼ਕਤੀ ਗਿਆਨ ਹੀ ਮਨੁੱਖ ਨੂੰ ਆਪਣੇ ਜਿਹਾ ਬਣਾ ਲੈਂਦਾ ਹੈ ਤੇ ਗਿਆਨੀ ਮਨੁੱਖ ਤੇ ਸਾਧਾਰਨ ਮਨੁੱਖ ਵਿਚ ਨਿਖੇੜਾ ਹੋ ਜਾਂਦਾ ਹੈ। ਇਸ ਪ੍ਰਕਾਰ ਆਦਿ ਸ਼ਕਤੀ—ਪ੍ਰਭੂ ਨੇ ਮਨੁੱਖ ਨੂੰ ਆਪਣੀ ਸ਼ਕਤੀ ਪ੍ਰਦਾਨ ਕਰਕੇ ਆਪਣੀ ਹੋਂਦ ਸਪੱਸ਼ਟ ਕਰ ਦਿੱਤੀ ਭਾਵ "ਪ੍ਰਭ ਤੇ ਜਨ ਜਾਨੀਜੈ" ਹੋ ਗਿਆ। ਜਦੋਂ ਮਨੁੱਖ ਵਿਚ ਉਹ ਆਦਿ ਸ਼ਕਤੀ ਪ੍ਰਬਲ ਹੋ ਗਈ ਤਾਂ ਉਹ ਮਨੁੱਖ ਤ੍ਰੈਲੋਕ ਤੋਂ ਜਾਣੂੰ ਹੋ ਗਿਆ ਤਾਂ ਫਿਰ ਉਹ ਸੇਵਕ ਆਪਣੇ ਸੁਆਮੀ ਦੀ ਹੋਂਦ ਬਾਰੇ ਦੱਸਦਾ ਹੈ ਤਾਂ "ਜਨ ਤੇ ਸੁਆਮੀ" ਦੀ ਪਛਾਣ ਹੋ ਜਾਂਦੀ ਹੈ। ਅੰਤ ਵਿਚ ਇਹ ਸਿੱਟਾ ਨਿਕਲਦਾ ਹੈ, "ਪ੍ਰਭ ਤੇ ਜਨ ਜਾਨੀਜੈ, ਜਨ ਤੇ ਸੁਆਮੀ॥" ਪ੍ਰੋ: ਲਾਲ ਸਿੰਘ ਦੇ ਸ਼ਬਦਾਂ ਅਨੁਸਾਰ, "ਇਸ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ ਕਿ ਪਹਿਲਾਂ ਪ੍ਰਭ ਦੇ ਬ੍ਰਹਮ-ਗਿਆਨ ਤੋਂ ਸਾਧਕ ਦੀ ਪਹਿਚਾਣ ਹੁੰਦੀ ਹੈ, ਫਿਰ ਉਹੀ ਸਾਧਕ ਬ੍ਰਹਮ-ਗਿਆਨ ਸਦਕਾ, ਪ੍ਰਭੂ ਦੀ ਪਹਿਚਾਣ ਦਾ ਸਾਧਨ ਬਣਦਾ ਹੈ।"

*(ਰਾਮਧਨ ਨਾਂਗਲੂ, ਭੋਗਪੁਰ)*

* * *

# ਗੁਰੂ ਰਵਿਦਾਸ ਜੀ ਦੇ ਇਤਿਹਾਸਕ ਅਸਥਾਨ

ਸ੍ਰੀ ਜਸਬੀਰ ਜੱਸੀ ਪੰਚਕੂਲਾ ਜੀ ਨੇ ਇਕ ਅਦੁੱਤੀ ਕਿਤਾਬ 'ਸਤਿਗੁਰ ਰਵਿਦਾਸ ਜੀ : ਜੀਵਨ ਅਤੇ ਉਦੇਸ਼ ਛਾਪੀ ਹੈ। ਜਿਸ ਵਿਚ ਗੁਰੂ ਜੀ ਦੀ ਸਮੁੱਚੀ ਬਾਣੀ ਦੀ ਸਟੀਕ ਅਤੇ ਹੋਰ ਅਮੋਲਕ ਸਮੱਗਰੀ ਛਾਪੀ ਹੈ। ਉਸ ਦੇ ਪੰਨਾ 18-19 'ਤੇ ਗੁਰੂ ਰਵਿਦਾਸ ਜੀ ਦੇ ਇਤਿਹਾਸਕ ਅਸਥਾਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਅੰਕਿਤ ਹੈ :

(ੳ) ਦੱਖਣੀ ਭਾਰਤ ਵਿਚ ਬਾਲਾ ਜੀ ਪਹਾੜੀ ਦੀ ਉਤਰਾਈ ਤੇ ਤਿਰੁਪਤੀ ਮੰਦਰ ਕੋਲ ਰਵਿਦਾਸ ਜੀ ਦਾ ਇਕ ਸਮਾਰਕ (Ravidas Pathway) ਬਣਿਆ ਹੋਇਆ ਹੈ। ਬਾਲਾ ਜੀ ਪਹਾੜੀ ਦੇ ਹੇਠਾਂ "ਬੈਕੁੰਠ ਕੀਲ" ਨਾਮ ਦੀ "ਰਵਿਦਾਸ ਗੱਦੀ" ਵੀ ਹੈ।

(ਅ) ਹੈਦਰਾਬਾਦ ਵਿਚ ਐਲੋਰਾ ਵਿਖੇ ਇਕ "ਰਵਿਦਾਸ ਕੁੰਡ" ਤਲਾਅ ਬਣਿਆ ਹੋਇਆ ਹੈ।

(ੲ) ਕਾਠੀਆਵਾੜ ਦੇ ਜੂਨਾਂਗੜ੍ਹ (ਗੁਜਰਾਤ) ਤੋਂ ਚੀਵੜ੍ਹ ਸਟੇਸ਼ਨ ਦੇ ਕੋਲ 'ਰਵਿਦਾਸ ਕੁੰਡ' ਹੈ।

(ਸ) ਮਾਂਡੋਗੜ੍ਹ ਪਿੰਡ ਵਿਚ (ਰਾਜਸਥਾਨ) "ਰਵਿਦਾਸ ਕੁੰਡ" ਤੇ ਰਵਿਦਾਸ ਜੀ ਦੀ ਕੁਟੀਆ ਹੈ।

(ਹ) ਬਨਾਰਸ ਵਿਚ "ਗੋਪਾਲ ਮੰਦਰ" ਜੋ "ਤੁਲਸੀ ਗੁਫਾ" ਦੇ ਨਾਮ ਨਾਲ ਪ੍ਰਸਿੱਧ ਹੈ, ਇਸ ਵਿਚ ਗੁਰੂ ਰਵਿਦਾਸ ਜੀ ਰਾਹੀਂ ਪ੍ਰਯੋਗ ਕੀਤੀਆਂ ਵਸਤੂਆਂ ਰੰਬੀ, ਆਰ ਆਦਿ ਸੁਸ਼ੋਭਿਤ ਹਨ। ਇਹ ਗੁਫਾ ਆਮ ਕਰਕੇ ਬੰਦ ਰਹਿੰਦੀ ਹੈ। ਕੁਝ ਵਿਦਵਾਨ ਇਸ ਸਥਾਨ ਨੂੰ ਰਵਿਦਾਸ ਜੀ ਦਾ ਜਨਮ ਸਥਾਨ ਮੰਨਦੇ ਹਨ ਅਤੇ ਕੁਝ ਨਿਵਾਸ ਅਸਥਾਨ ਅਤੇ ਭਗਤੀ/ਸਮਾਧੀ ਸਥਾਨ ਦੱਸਦੇ ਹਨ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਗੁਰੂ ਰਵਿਦਾਸ ਜੀ ਦਾ ਆਖਰੀ ਸਮਾਂ ਇਥੇ ਹੀ ਬੀਤਿਆ ਸੀ।

(ਕ) ਚਿਤੌੜਗੜ੍ਹ (ਰਾਜਸਥਾਨ) ਵਿਚ ਕੁਭਨਸਯਾਸ ਮੰਦਰ ਦੇ ਕੋਲ "ਰਵਿਦਾਸ ਜੀ ਦੀ ਛੱਤਰੀ" ਅਤੇ "ਰਵਿਦਾਸ ਜੀ ਦੇ ਚਰਨ ਚਿੰਨ੍ਹ" ਬਣੇ ਹੋਏ ਹਨ। ਮੀਰਾਂ ਜੀ ਨੇ ਇਹ ਮੰਦਰ ਰਵਿਦਾਸ ਜੀ ਦੇ ਆਗਮਨ 'ਤੇ ਬਣਾਇਆ ਸੀ।

(ਖ) ਕਪਾਲ ਮੋਚਨ, ਜ਼ਿਲ੍ਹਾ ਯਮੁਨਾ ਨਗਰ, (ਹਰਿਆਣਾ) ਵਿਚ; ਆਪ ਜੀ ਦਾ ਮੰਦਰ ਹੈ।

(ਗ) ਪਿੰਡ ਖਰਾਲਗੜ੍ਹ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਵਿਚ ਆਪ ਜੀ ਦਾ ਚਰਨ-ਛੂਹ ਅਸਥਾਨ ਹੈ।

(ਘ) ਸੀਰ-ਗੋਵਰਧਨਪੁਰ :—ਬਨਾਰਸ ਤੋਂ ਦਸ ਕਿਲੋਮੀਟਰ ਦੂਰ, ਕਾਸ਼ੀ ਵਿਚ ਛੋਟਾ ਜਿਹਾ ਪਿੰਡ ਸੀਰ ਗੋਵਰਧਨਪੁਰ ਵਿਚ ਰਵਿਦਾਸ ਜੀ ਦਾ ਬਹੁਤ ਹੀ ਸੋਹਣਾ ਪੰਜ ਮੰਜ਼ਲੀ ਮੰਦਰ ਹੈ। ਇਥੇ ਹਰ ਸਾਲ ਆਪ ਜੀ ਦਾ ਜਨਮ ਦਿਨ ਮਨਾਇਆ ਜਾਂਦਾ ਹੈ। ਭਾਰਤ ਦੇਸ਼ ਅਤੇ ਵਿਦੇਸ਼ਾਂ ਤੋਂ ਸ਼ਰਧਾਲੂ ਸ਼ਾਮਿਲ ਹੁੰਦੇ ਹਨ।

(ਙ) ਲੋਹਟਾਂਵੀਰ : ਰਵਿਦਾਸ ਮੰਦਰ, ਸੀਰ ਗੋਵਰਧਨਪੁਰ, ਕਾਂਸ਼ੀ, ਬਨਾਰਸ ਤੋਂ ਗੰਗਾ ਨਦੀ ਵੱਲ, ਲਗਪਗ ਇਕ ਕਿਲੋਮੀਟਰ ਦੀ ਦੂਰੀ 'ਤੇ ਇਕ ਥੜ੍ਹਾ ਅਤੇ ਕੁਟੀਆ ਹੈ। ਪੰਡਤਾਂ ਵਲੋਂ ਰਵਿਦਾਸ ਜੀ ਉਤੇ ਘਾਤਕ ਹਮਲਾ ਕਰਨ ਸਮੇਂ ਇਸ ਥਾਂ ਅੰਨ੍ਹੇ ਹੋ ਗਏ ਸਨ ਅਤੇ ਆਪਣੇ ਆਗੂ ਸ੍ਰੀ ਕਿਦਾਰਾਨਾਥ ਨੂੰ ਭੁਲੇਖੇ ਵਿਚ ਮਾਰ ਦਿੱਤਾ ਸੀ।

(ਚ) ਗੁਰੂ ਰਵਿਦਾਸ ਮੰਦਰ : ਬਨਾਰਸ ਵਿਚ ਗੰਗਾ ਨਦੀ ਦੇ ਕਿਨਾਰੇ, ਰਾਜ ਘਾਟ ਤੇ ਗੁਰੂ ਰਵਿਦਾਸ ਮੰਦਰ ਸਵਰਗਵਾਸੀ ਜਗਜੀਵਨ ਰਾਮ ਜੀ ਨੇ ਬਣਵਾਇਆ ਸੀ। ਸ੍ਰੀਮਤੀ ਮੀਰਾ ਕੁਮਾਰ ਸਪੁੱਤਰੀ ਸ੍ਰੀ ਜਗਜੀਵਨ ਰਾਮ ਜੀ, ਇਸ ਦੀ ਦੇਖ-ਰੇਖ ਕਰਦੀ ਹੈ। ਇਸ ਸਥਾਨ 'ਤੇ ਹਰ ਸਾਲ ਮੇਲਾ ਲੱਗਦਾ ਹੈ।

(ਛ) ਹਰਿਦੁਆਰ, "ਹਰਿ ਕੀ ਪੌੜੀ" ਦੇ ਨੇੜੇ ਸ੍ਰੀ ਗੁਰੂ ਰਵਿਦਾਸ ਜੀ ਦੀ ਮੂਰਤੀ ਸਥਾਪਿਤ ਹੈ।

* * *

ਟਾਈਪ ਸੈਟਿੰਗ—ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ। ਫੋਨ—2432046
ਛਾਪਕ—ਪਰਿਵਰਤਨ ਪ੍ਰੈਸ, ਜਲੰਧਰ।